# ਡਰੱਗ ਲਾਅ ਇਨਫੋਰਸਮੈਂਟ

# ਫੀਲਡ ਆਫਿਸਰਜ਼ ਹੈਂਡਬੁੱਕ


ਨਾਰਕੋਟਿਕਸ ਕੰਟਰੋਲ ਬਿਊਰੋ

ਗ੍ਰਹਿ ਮਾਮਲੇ ਮੰਤ੍ਰਾਲਾ

ਭਾਰਤ ਸਰਕਾਰ

## ਮੰਤਵ

ਸਮਰਪਣ ਤਾਮੀਲ ਤਾਲਮੇਲ

## ਸੁਪਨਾ (ਉਦੇਸ਼)

ਸਾਰੇ ਸਟੇਕਹੋਲਡਰਾਂ ਨਾਲ ਤਾਲਮੇਲ ਅਤੇ ਸਹਿਯੋਗ ਰਾਹੀਂ ਨਸ਼ਾ-ਮੁਕਤ ਸਮਾਜ ਲਈ ਯਤਨ ਅਤੇ ਉਨ੍ਹਾਂ ਵਿਚਕਾਰ ਸੁਮੇਲ ਕਾਇਮ ਕਰਨਾ।

## ਉਦੇਸ਼

1. ਕੇਂਦਰੀ ਅਥਾਰਟੀ ਵਜੋਂ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਦੀ ਕੁਵਰਤੋਂ ਅਤੇ ਨਜਾਇਜ਼ਧੰਦੇ ਦੀ ਪ੍ਰਭਾਵਸ਼ਾਲੀ ਢੰਗ ਨਾਲ ਰੋਕਥਾਮ ਅਤੇ ਉਸ ਦੀ ਵਿਰੋਧਤਾ ਕਰਨਾ।
2. ਸਾਰੇ ਸਬੰਧਤ (ਮਹੱਤਵਪੂਰਨ) ਡ੍ਰੱਗ ਕਾਨੂੰਨਾਂ ਅਧੀਨ ਤਾਮੀਲ ਸਬੰਧੀ ਵੱਖ-ਵੱਖ ਅਫ਼ਸਰਾਂ, ਰਾਜ ਸਰਕਾਰਾਂ ਅਤੇ ਹੋਰ ਅਥਾਰਟੀਆਂ ਦੀਆਂ ਕਾਰਵਾਈਆਂ ਵਿਚ ਤਾਲਮੇਲ ਕਾਇਮ ਕਰਨਾ।
3. ਨਸ਼ਿਆਂ ਦੀ ਵਰਤੋਂ ਸਬੰਧੀ ਮਾਮਲਿਆਂ ਵਿਚ ਸਾਰੇ ਸਬੰਧਤ ਮੰਤਰਾਲ, ਵਿਭਾਗਾਂ ਜਾਂ ਸੰਸਥਾਵਾਂ ਵੱਲੋਂ ਕੀਤੀਆਂ ਕਾਰਵਾਈਆਂ ਵਿਚ ਤਾਲਮਲ ਰੱਖਣਾ।
4. ਗੈਰ-ਕਾਨੂੰਨੀ (ਨਾਜਾਇਜ਼) ਧੰਦੇ ਦੇ ਵਿਰੁੱਧ ਜਵਾਬੀ-ਕਾਰਵਾਈ ਦੇ ਸਬੰਧ ਵਿਚ ਵੱਖ-ਵੱਖ ਅੰਤਰ-ਰਾਸ਼ਟਰੀ ਸੰਮੇਲਨਾਂ (ਕਨਵੈਨਸ਼ਨਾਂ) ਅਤੇ ਪ੍ਰੋਟੋਕੋਲਾਂ ਅਧੀਨ ਰਾਸ਼ਟਰੀ ਬੰਦਸ਼ਾਂ ਦੀ ਤਾਮੀਲ ਨੂੰ ਯਕੀਨੀ ਬਣਾਉਣਾ।
5. ਵਿਸ਼ਵ ਵਿਆਪੀ ਕਾਰਵਾਈ ਅਤੇ ਤਾਲਮੇਲ ਦੀ ਸਹੂਲਤ ਲਈ ਵਿਦੇਸ਼ੀ ਅਥਾਰਟੀਆਂ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਸਹਿਯੋਗ ਨਾਲ ਕਾਰਜ ਕਰਨਾ।
6. ਰਾਸ਼ਟਰੀ ਨੋਡਲ ਏਜੰਸੀ ਵਜੋਂ, ਡ੍ਰੱਗ ਕਾਨੂੰਨ ਤਾਮੀਲ ਨਾਲ ਸਬੰਧਤ ਡਾਟਾ, ਮੁੱਦਿਆਂ ਅਤੇ ਮਾਪਦੰਡ ਨੂੰ ਜਮ੍ਹਾਂ ਕਰਨ ਅਤੇ ਹਵਾਲੇ ਨੁਕਤੇ ਵਜੋਂ ਕਾਰਜ ਕਰਨਾ।
7. ਕੇਂਦਰ ਸਰਕਾਰ ਨੂੰ ਸਲਾਹ ਦੇਣ ਅਤੇ ਉਚਿਤ ਦਖਲਅੰਦਾਜ਼ੀਆਂ ਕਰਨ ਲਈ ਮੌਜੂਦਾ ਅਤੇ ਸਾਹਮਣੇ ਆ ਰਹੀਆਂ ਚੁਣੌਤੀਆਂ, ਪ੍ਰਵਿਰਤੀਆਂ ਅਤੇ ਸੰਚਾਲਨ ਸਮਰਥਾਵਾਂ ਦਾ ਮੁਲਾਂਕਣ ਅਤੇ ਵਿਸ਼ਲੇਸ਼ਣ ਕਰਨਾ।
8. ਡ੍ਰੱਗ ਕਾਨੂੰਨ ਤਾਮੀਲ ਦੇ ਖੇਤਰ ਵਿਚ ਸ਼ਾਮਲ ਏਜੰਸੀਆਂ ਦੀ ਸਿਖਲਾਈ ਅਤੇ ਸਮਰੱਥਾ ਵਧਾਉਣ ਲਈ ਨਿਰੰਤਰ ਯਤਨ ਕਰਨਾ।

## ਨਾਰਕੋਟਿਕਸ ਕੰਟਰੋਲ ਬਿਊਰੋ

ਗ੍ਰਹਿ ਮਾਮਲੇ ਮੰਤ੍ਰਾਲਾ, ਭਾਰਤ ਸਰਕਾਰ।

# ਇੰਡੈਕਸ

ਮੁਖਬੰਧ

1. ਜਾਂਚ ਅਧਿਕਾਰੀ (ਡੀਐਲ ਈਓ) ਮਿਲਾਣ ਸੂਚੀ 1
2. ਖੁਫੀਆ ਸੂਚਨਾ ਇਕੱਠੀ ਕਰਨਾ ਅਤੇ ਪ੍ਰਬੰਧਨ ਕਰਨਾ 13
3. ਕਾਰਵਾਈ : ਤਿਆਰੀ, ਤਾਲਮੇਲ ਅਤੇ ਯੋਜਨਾਬੰਦੀ 16
4. (ਤਲਾਸ਼ੀ) ਭਾਲ ਅਰੰਭ ਹੋਣ ਤੋਂ ਪਹਿਲਾਂ 19
5. ਤਲਾਸ਼ੀ (ਭਾਲ) : ਅਧਿਕਾਰ, ਸਾਵਧਾਨੀਆਂ ਅਤੇ ਕਾਰਵਾਈਆਂ 24
6. ਬਰਾਮਦਗੀ ਅਤੇ ਜ਼ਬਤੀ 28
7. (ਨਸ਼ੀਲੀਆਂ ਦਵਾਈਆਂ) ਸ਼ਨਾਖਤ ਅਤੇ ਫੀਲਡ ਜਾਂਚ 31
8. ਸੈਂਪਲ (ਨਮੂਨਾ) ਲੈਣਾ ਅਤੇ ਸੀਲ ਬੰਦ ਕਰਨਾ 41
9. ਖੋਜ, ਬਰਾਮਦਗੀ ਅਤੇ ਜ਼ਬਤੀ ਦੇ ਲਿਖਤੀ ਦਸਤਾਵੇਜ਼ਤਿਆਰ ਕਰਨਾ 46
10. ਨਾਰਕੋਟਿਕ ਫਸਲ ਦੀ ਗੈਰ-ਕਾਨੂੰਨੀ ਕਾਸ਼ਤ 51
11. ਵਿਅਕਤੀਆਂ ਦੀ ਜਾਂਚ-ਪੜਤਾਲ ਅਤੇ ਬਿਆਨ ਦਰਜ ਕਰਨਾ 54
12. ਗ੍ਰਿਫਤਾਰੀ : ਗ੍ਰਿਫਤਾਰ ਵਿਅਕਤੀ ਦੀ ਹਿਰਾਸਤ ਦੌਰਾਨ ਕਾਰਵਾਈਆਂ ਅਤੇ ਸਾਵਧਾਨੀਆਂ 59
13. ਗ੍ਰਿਫਤਾਰ ਵਿਅਕਤੀ ਦੀ ਰਿਮਾਂਡ ਅਤੇ ਮਾਲਖਾਨੇ ਵਿਚ ਜ਼ਬਤ ਡ੍ਰਗਜ਼ (ਨਸ਼ਿਆਂ) ਨੂੰ ਜਮ੍ਹਾਂ ਕਰਵਾਉਣਾ 63
14. ਨਿਰੋਧਕ ਨਜ਼ਰਬੰਦੀ 66
15. ਜਾਂਚ-ਪੜਤਾਲ (ਤਫ਼ਤੀਸ਼) 71

16. ਅੰਤਰ-ਰਾਸ਼ਟਰੀ ਜਾਂਚ ਪੜਤਾਲਾਂ 76

17. ਵਿੱਤੀ ਜਾਂਚ : ਸੰਪਦਾ ਜ਼ਬਤੀ/ਕੁਰਕੀ 79

18. ਮੁਕੱਦਮਾ ਖ਼ਤਮ ਹੋਣ ਤੋਂ ਪਹਿਲਾਂ ਡਿਸਪੋਜ਼ਲ (ਨਿਪਟਾਰਾ) 82

19. ਮੁਕੱਦਮਾ ਦਾਇਰ ਕਰਨਾ : ਦੋਸ਼ ਪੱਤਰ ਸ਼ਿਕਾਇਤ ਦਾਇਰ ਕਰਨਾ 85

20. ਕੇਸ ਫਾਈਲ ਪ੍ਰਬੰਧ 87

21. ਮੁਕੱਦਮਾ ਅਤੇ ਜ਼ਮਾਨਤ ਪ੍ਰਬੰਧ 92

22. ਜ਼ਬਤ ਡ੍ਰੱਗਜ਼(ਤੇ ਸਮਾਨ) ਦਾ ਨਿਪਟਾਰਾ 95

23. ਨਿਯੰਤ੍ਰਿਤ ਪਦਾਰਥ ਅਤੇ ਤਾਮੀਲ 97

24. ਸੂਹੀਆਂ (ਮੁਖਬਰਾਂ) ਅਤੇ ਅਫ਼ਸਰਾਂ ਨੂੰ ਪੁਰਸਕਾਰ 102

25. ਡਿਊਟੀ, ਸਦਾਚਾਰ ਅਤੇ ਕਾਨੂੰਨ 108

ਅਨੁਲਗ:

* ਮਹੱਤਵਪੂਰਣ ਨਮੂਨਾ ਫਾਰਮੈਟ 111

* ਛੋਟੇ ਅਤੇ ਵਪਾਰਕ ਮਾਤਰਾ ਦੀ ਮੁਕੰਮਲ ਸਾਰਣੀ 132

* ਨਿਯੰਤ੍ਰਿਤ ਪਦਾਰਥਾਂ ਦੀ ਸਾਰਣੀ 145

* ਐੱਨ ਸੀ ਬੀ ਦਫ਼ਤਰ - ਡਾਇਰੈਕਟਰੀ 146

## ਇਸ ਹੈਂਡਬੁੱਕ ਵਿਚ ਵਰਤੇ ਗਏ ਸੰਖੇਪ ਰੂਪ

| | |
|---|---|
| ਡੀ ਐੱਲ ਈ ਓ (DLEO) | ਡ੍ਰੱਗ ਕਾਨੂੰਨ ਤਾਮੀਲ ਅਫ਼ਸਰ, ਜਾਂਚ ਅਧਿਕਾਰੀ, ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ |
| ਐੱਲ ਆਈ (LI) | (ਲਾਅਫੁੱਲ ਇੰਟਰਸੈਪਸ਼ਨ) ਕਾਨੂੰਨੀ ਤੌਰ ਤੇ ਰੋਕ |
| ਐੱਨ ਡੀ (ND) | ਨਾਰਕੋਟਿਕ ਦਵਾਈਆਂ (ਨਾਰਕੋਟਿਕ ਡ੍ਰੱਗਜ਼) |
| ਪੀ ਐੱਸ (PS) | ਨਸ਼ੀਲੇ ਪਦਾਰਥ (ਸਾਈਕੋਟ੍ਰਾਪਿਕ ਸਬਸਟਾਂਸਿਸ) |
| ਸੀ ਐੱਸ (CS) | ਨਿਯੰਤ੍ਰਤ ਪਦਾਰਥ (ਕੰਟ੍ਰੋਲਡ ਸਬਸਟਾਂਸਿਸ) |
| ਓ ਪੀ ਐੱਸ (OPS) | ਕਾਰਵਾਈਆਂ (ਆਪਰੇਸ਼ਨਜ਼) |
| ਪੀ ਆਈ ਟੀ ਐੱਨ ਡੀ ਪੀ ਐੱਸ (PITNDPS) | ਨਾਰਕੋਟਿਕ ਦਵਾਈਆਂ (ਡ੍ਰਗਜ਼) ਅਤੇ ਨਸ਼ੀਲੇ ਪਦਾਰਥਾਂ ਦੇ ਨਜਾਇਜ਼ਧੰਦੇ ਦੀ ਰੋਕਥਾਮ |
| ਆਈ ਏ ਪੀ (IAP) | ਗੈਰ-ਕਾਨੂੰਨੀ ਤੌਰ ਤੇ ਪ੍ਰਾਪਤ ਕੀਤੀ ਸੰਪਦਾ (ਇਲ-ਲਿਗਲੀ ਅਕਵਾਇਅਰਡ ਪ੍ਰਾਪਟੀ) |
| ਸੀ ਆਰ ਪੀ ਸੀ (CRPC) | (ਕੋਡ ਆਫ ਕ੍ਰਿਮੀਨਲ ਪ੍ਰੋਸੀਜਰ) |
| ਐੱਨ ਸੀ ਬੀ (NCB) | ਨਾਰਕੋਟਿਕਸ ਕੰਟਰੋਲ ਬਿਊਰੋ |
| ਐੱਚ ਓ ਡੀ (HOD) | ਵਿਭਾਗ ਦਾ ਮੁਖੀ |
| ਆਈ ਐਨ ਸੀ ਬੀ (INCB) | ਅੰਤਰਰਾਸ਼ਟਰੀ ਨਾਰਕੋਟਿਕਸ ਕੰਟਰੋਲ ਬੋਰਡ |

| | |
|---|---|
| ਐਫ ਆਈ ਯੂ (FIU) | ਵਿੱਤੀ ਖੁਫੀਆ ਯੂਨਿਟ ਭਾਰਤ |
| ਸੀ ਏ (CA) | ਸਮਰੱਥ ਅਧਿਕਾਰੀ (ਕੰਪੀਟੈਂਟ ਅਥਾਰਿਟੀ) |
| ਡੀ ਓ (DO) | ਨਜ਼ਰਬੰਦੀ ਆਦੇਸ਼ (ਡਿਟੈਂਸ਼ਨ ਆਰਡਰ) |
| ਡੀ ਏ (DA) | ਨਜ਼ਰਬੰਦੀ ਅਥਾਰਟੀ (ਡਿਟੈਂਨਸ਼ ਅਧਿਕਾਰੀ) |
| ਆਰ ਯੂਡੀ (RUD) | ਭਰੋਸਾ ਕਰਨ ਯੋਗ ਦਸਤਾਵੇਜ਼ (ਰਿਲਾਈਡ ਅਪੋਨ) |
| ਐੱਲ ਆਰ (LR) | ਲੈਟਰ ਰੋਗੇਟਰੀ |
| ਐੱਮ ਐਲ (ML) | ਗੈਰ-ਕਾਨੂੰਨੀ ਢੰਗ ਨਾਲ ਇਕੱਠਾ ਕੀਤਾ ਕਾਲਾ ਧਨ |
| ਸੀ ਆਰ ਸੀ ਐੱਲ (CRCL) | ਕੇਂਦਰੀ (ਸੈਂਟਰਲ) ਰੈਵਿਨਿਊਜ਼ ਕੰਟਰੋਲ ਲੈਬੋਰਟਰੀ |
| ਸੀ ਐਫ ਐਸ ਐਲ (CFSL) | ਕੇਂਦਰੀ (ਸੈਂਟਰਲ) ਫਾਰੈਂਸਿਕ ਸਾਇੰਸ ਲੈਬੋਰਟਰੀ |
| ਐੱਫ ਐੱਸ ਐੱਲ (FSL) | ਰਾਜ ਫਾਰੈਂਸਿਕ ਸਾਇੰਸ ਲੈਬੋਰਟਰੀ |



## ਮੁੱਖਬੰਧ

ਇਹ ਇੱਕ ਚਿੰਤਾ ਦਾ ਵਿਸ਼ਾ ਹੈ ਕਿ ਅਕਸਰ ਉਚਿਤ ਸਬੂਤ ਮੌਜੂਦ ਹੋਣ ਦੇ ਬਾਵਜੂਦ ਅਦਾਲਤਾਂ ਨੇ ਐੱਨ ਡੀ ਪੀ ਐੱਸ ਐਕਟ ਦੇ ਮਾਮਲੇ ਵਿਚ ਤਕਨੀਕੀ ਆਧਾਰ ਤੇ ਦੋਸ਼ੀ ਨੂੰ ਰਿਹਾ ਕੀਤਾ ਹੈ। ਇਸ ਦੇ ਨਤੀਜੇ ਵਜੋਂ, ਜਿੱਥੇ ਜ਼ਬਤ ਕੀਤਾ ਸਮਾਨ (ਨਸ਼ੀਲਾ ਪਦਾਰਥ) ਬਹੁਤ ਜ਼ਿਆਦਾ ਹੁੰਦਾ ਹੈ ਅਤੇ ਦੋਸ਼ੀ ਦਾ ਵਿਚ ਸ਼ਾਮਲ ਹੋਣਾ ਸਪੱਸ਼ਟ ਹੁੰਦਾ ਹੈ ਉਥੇ ਵੀ ਦੋਸ਼ੀ ਬਚ ਕੇ ਨਿਕਲ ਜਾਂਦਾ ਹੈ। ਇਸ ਨਾਲ ਨਾ ਸਿਰਫ ਜਾਂਚ-ਅਧਿਕਾਰੀ ਦੇ ਹੌਸਲੇ ਢਹਿੰਦੇ ਹਨ ਬਲਕ ਨਸ਼ੀਲੀਆਂ ਦਵਾਈਆਂ ਦੇ ਵਿਰੁੱਧ ਮੁਹਿੰਮ ਵਿਚ ਵੀ ਸੰਸਥਾ ਨੂੰ ਧੱਕਾ ਪਹੁੰਚਦਾ ਹੈ।

ਸਾਡਾ ਇਹੋ ਯਤਨ ਹੋਣਾ ਚਾਹੀਦਾ ਹੈ ਕਿ ਜੇਕਰ ਕੋਈ ਵਿਅਕਤੀ ਇੱਕ ਵਾਰ ਡ੍ਰੱਗਜ਼ (ਨਸ਼ੀਲੀਆਂ ਦਵਾਈਆਂ) ਨਾਲ ਪਕੜਿਆ ਗਿਆ ਤਾਂ ਸਾਡੀ ਜਾਂਚ ਪ੍ਰਕ੍ਰਿਆ ਦਾ ਨਤੀਜਾ ਅਜਿਹਾ ਹੋਣਾ ਚਾਹੀਦਾ ਹੈ ਕਿ ਉਸ ਦਾ ਦੋਸ਼ ਸਾਬਤ ਹੋ ਸਕੇ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਜਾਂਚ ਕਾਨੂੰਨ ਦੇ ਉਪਬੰਧਾਂ ਅਨੁਸਾਰ ਹੀ ਹੋਣੀ ਚਾਹੀਦੀ ਹੈ ਅਤੇ ਗਲਤ ਵਿਧੀ ਅਤੇ ਤਕਨੀਕੀ ਘਾਟ ਕਾਰਨ ਇਸ ਨੂੰ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ।

ਇਸ ਲਈ ਨਾਰਕੋਟਿਕਸ ਕੰਟਰੋਲ ਬਿਊਰੋ ਤੋਂ ਅਤੇ ਹੋਰ ਸੰਸਥਾਵਾਂ ਤੋਂ ਮਾਹਿਰਾਂ ਦੀ ਟੀਮ ਨੇ ਬਹੁਤ ਮਿਹਨਤ ਤੋਂ ਬਾਅਦ ਇਹ ਨਿਰਦੇਸ਼ਿਕਾ (ਦਿਸ਼ਾ ਨਿਰਦੇਸ਼ਾਂ ਵਾਲੀ ਹੱਥ ਪੁਸਤਿਕਾ) ਤਿਆਰ ਕੀਤੀ ਹੈ। ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਇਸ ਨਿਰਦੇਸ਼ਿਕਾ ਦਾ ਪਹਿਲਾ ਐਡੀਸ਼ਨ ਡ੍ਰੱਗ ਕਾਨੂੰਨ ਨੂੰ ਲਾਗੂਕਰਨ ਵਾਲੀਆਂ ਸਾਰੀਆਂ ਸੰਸਥਾਵਾਂ, ਖਾਸ ਕਰਕੇ ਜਾਂਚ ਅਧਿਕਾਰਿਆਂ ਵੱਲੋਂ ਕਾਨੂੰਨ ਦੇ ਵੱਖ-ਵੱਖ ਉਪਬੱਧਾਂ ਦੀ ਸਹੀ ਵਿਆਖਿਆ ਅਤੇ ਕਾਰਜ ਕਰਨ ਵਿੱਚ ਅਸਰਦਾਰ ਢੰਗ ਨਾਲ ਸਹਾਇਕ ਸਾਬਤ ਹੋਇਆ ਹੈ। ਮੈਂ ਉਮੀਦ ਕਰਦਾ ਹਾਂ ਕਿ ਨਿਰਦੇਸ਼ਿਕਾ ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਪੰਜਾਬੀ ਭਾਸ਼ਾਈ-ਖੇਤਰਾਂ ਵਿੱਚ ਡ੍ਰੱਗ ਕਾਨੂੰਨ ਨੂੰ ਲਾਗੂਕਰਨ ਵਾਲੀਆਂ ਸੰਸਥਾਵਾਂ ਦੇ ਹਰ ਪੱਧਰ ਦੇ ਜਾਂਚ ਅਧਿਕਾਰਿਆਂ ਲਈ ਜਿਆਦਾ ਲਾਭਕਾਰੀ ਅਤੇ ਸਹਾਇਕ ਸਾਬਤ ਹੋਵੇਗਾ।

ਰਾਜੀਵ ਭਟਨਾਗਰ

(ਰਾਜੀਵ ਰਾਏ ਭਟਨਾਗਰ)

ਮਹਾਨਿਦੇਸ਼ਕ,

ਨਾਰਕੋਟਿਕਸ ਕੰਟਰੋਲ ਬਿਊਰੋ

# ਅਧਿਆਇ - 1

## ਜਾਂਚ ਅਧਿਕਾਰੀ (ਡੀ ਐੱਲ ਈ ਓ) ਮਿਲਾਨ ਸੂਚੀ

ਖੇਤਰੀ ਕਾਰਵਾਈ ਕਰਨਾ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ (ਡੀ ਐੱਲ ਈ ਓ) ਦੇ ਕਾਰਜਾਂ ਦਾ ਇਕ ਮਹੱਤਵਪੂਰਨ ਹਿੱਸਾ ਹੈ। ਅਜਿਹੀ ਕਾਰਵਾਈ ਜਾਂ ਤਾਂ ਕਿਸੇ ਵਿਸ਼ੇਸ਼ ਸੂਚਨਾ ਦੇ ਅਧਾਰ 'ਤੇ ਜਾਂ ਅਧਿਕਾਰੀਆਂ (ਅਫ਼ਸਰਾਂ) ਵੱਲੋਂ ਇਕੱਠੀ ਕੀਤੀ ਗੁਪਤ ਸੂਚਨਾ ਰਾਹੀਂ ਜਾਂ ਨਿੱਜੀ ਗਿਆਨ ਦੇ ਅਧਾਰ ਤੇ ਕੀਤੀ ਜਾਂਦੀ ਹੈ। ਕਾਰਵਾਈ ਦਾ ਅਰਥ ਵਿਅਕਤੀਆਂ, ਸਥਾਨਾਂ ਦੀ ਨਿਗਰਾਨੀ ਜਾਂ ਕਿਸੇ ਬੰਦ ਸਥਾਨ (ਘਰ, ਦਫ਼ਤਰ, ਗੋਦਾਮ ਆਦਿ) ਦੀ ਤਲਾਸ਼ੀ ਜਾਂ ਕਿਸੇ ਜਨਤਕ ਸਥਾਨ ਤੇ ਕਿਸੇ ਵਾਹਨ ਜਾਂ ਵਿਅਕਤੀ ਨੂੰ ਰੋਕਣਾ ਹੋ ਸਕਦਾ ਹੈ। ਇਸ ਦਾ ਮੰਤਵ ਇਤਰਾਜ਼ਯੋਗ ਸਮਾਨ (ਐਨ ਡੀ, ਪੀ ਐੱਸ ਜਾਂ ਸੀ ਐੱਸ) (ਨਸ਼ੀਲੀਆਂ ਦਵਾਈਆਂ, ਨਸ਼ੀਲੇ ਪਦਾਰਥ, ਨਿਯੰਤ੍ਰਿਤ ਪਦਾਰਥ), ਵਸਤੂਆਂ ਅਤੇ ਚੀਜ਼ਾਂ ਨੂੰ ਕਬਜ਼ੇ ਵਿਚ ਰੱਖਣਾ, ਗੈਰ-ਕਾਨੂੰਨੀ ਢੰਗ ਨਾਲ ਪ੍ਰਾਪਤ ਕੀਤੀ ਸੰਪਦਾ, ਨਸ਼ੀਲੀਆਂ ਦਵਾਈਆਂ ਨੂੰ ਵੇਚ ਕੇ ਕੀਤੀ ਕਮਾਈ ਅਤੇ ਦੋਸ਼-ਆਰੋਪਣ ਦੇ ਦਸਤਾਵੇਜ਼ ਆਦਿ ਸਮੇਤ ਦੋਸ਼-ਆਰੋਪਣ ਸਬੂਤ ਹਾਸਲ ਕਰਕੇ ਅਪਰਾਧ ਦੇ ਕੀਤੇ ਜਾਣ ਦਾ ਪਤਾ ਲਗਾਉਣਾ ਹੈ।

ਫਿਰ ਵੀ, ਇਹ ਯਕੀਨੀ ਬਣਾਉਣ ਲਈ ਕਿ ਉਸ ਨੇ ਕੁਝ ਅਜਿਹਾ ਅਣਦੇਖਿਆ ਨਹੀਂ ਕਰ ਦਿੱਤਾ ਹੈ ਜੋ ਕਿ ਉਸ ਦੀ ਮਿਹਨਤ ਦੀ ਸਫ਼ਲਤਾ ਨੂੰ ਪ੍ਰਭਾਵਤ ਕਰੇ, ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ (ਡੀ ਐੱਲ ਈ ਓ) ਨੂੰ ਮਿਲਾਨ-ਸੂਚੀ (check list) ਤਿਆਰ ਰੱਖਣੀ ਚਾਹੀਦੀ ਹੈ। ਜਿਨ੍ਹਾਂ ਗੱਲਾਂ ਦੀ ਉਸ ਨੂੰ ਪੜਤਾਲ ਕਰਨੀ ਚਾਹੀਦੀ ਹੈ ਉਹ ਹੇਠਾਂ ਦਿੱਤੀਆਂ ਗਈਆਂ ਹਨ : -

## ਤਲਾਸ਼ੀ, ਫੀਲਡ ਜਾਂਚ ਅਤੇ ਜ਼ਬਤੀ

1. ਕੀ ਇਤਲਾਹ (ਸੂਚਨਾ) ਨੂੰ ਉਸ ਵਲੋਂ ਲਿਖਤੀ ਰੂਪ ਵਿਚ ਰਿਕਾਰਡ ਕੀਤਾ ਗਿਆ ?

   (ਜੇਕਰ ਉਸ ਨੂੰ ਕੋਈ ਸੂਚਨਾ ਪ੍ਰਾਪਤ ਹੋਈ ਹੈ। ਐੱਨ ਡੀ ਪੀ ਐੱਸ ਐਕਟ ਦੀ ਧਾਰਾ 42 (1))

2. ਕਿ ਉਸ ਵਲੋਂ ਉਸਦਾ ਵਿਸ਼ਵਾਸ ਜਾਂ ਠੋਸ ਤੱਥ ਲਿਖਤੀ ਰੂਪ ਵਿਚ ਰਿਕਾਰਡ ਕੀਤਾ ਗਿਆ ਕਿ ਅਪਰਾਧੀ ਨੂੰ ਨੱਸ ਜਾਣ ਜਾਂ ਸਬੂਤ ਨੂੰ ਮਿਟਾਉਣ ਜਾਂ ਛੁਪਾਉਣ ਲਈ ਕੋਈ ਮੌਕਾ ਦਿੱਤੇ ਬਿਨਾਂ ਤਲਾਸ਼ੀ ਦੀ ਪ੍ਰਵਾਨਗੀ ਲਿਖਤੀ ਰੂਪ ਵਿਚ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

   (ਜੇਕਰ ਤਲਾਸ਼ੀ, ਤਲਾਸ਼ੀ ਦੀ ਪ੍ਰਵਾਨਗੀ ਲਏ ਬਿਨਾ ਸੂਰਜ ਅਸਤ ਤੋਂ ਸੂਰਜ ਚੜ੍ਹਨ ਤੱਕ ਦੇ ਸਮੇਂ ਦਰਮਿਆਨ ਕੀਤੀ ਜਾਂਦੀ ਹੈ - ਐੱਨ ਡੀ ਪੀ ਐੱਸ ਐਕਟ ਦੀ ਧਾਰਾ 42 (1) ਦਾ ਉਪਬੰਧ)

3. ਕੀ ਉਕਤ ਦਸਤਾਵੇਜ਼ ਜੋ ਕਿ 1 ਜਾਂ 2 ਤੇ ਦੱਸਿਆ ਗਿਆ ਹੈ ਅਤੇ ਜੋ ਲਾਗੂਹੋਣਯੋਗ ਹਨ, ਦੀ ਕਾਪੀ ਉਸ ਦੇ ਉੱਚ ਅਧਿਕਾਰੀ ਨੂੰ 72 ਘੰਟੇ ਦੇ ਅੰਦਰ ਭੇਜੀ ਗਏ ਸੀ।

   (ਐੱਨ ਡੀ ਪੀ ਐੱਸ ਐਕਟ ਦੀ ਧਾਰਾ 42 (2))

4. ਕੀ ਤਲਾਸ਼ੀ ਦੀ ਪ੍ਰਵਾਨਗੀ ਦੀ ਕਾਪੀ ਵਿਖਾਈ ਗਈ ਅਤੇ ਦੋ ਖੁਦਮੁਖਤਾਰ ਸਥਾਨਕ ਗਵਾਹਾਂ ਅਤੇ ਤਲਾਸ਼ੀ ਦੇ ਸਮੇਂ ਸਥਾਨ ਵਿਚ ਮੌਜੂਦ ਮਾਲਕ/ਰਹਿਣ ਵਾਲੇ ਦੇ ਹਸਤਾਖ਼ਰ ਉਸ ਉੱਤੇ ਲਏ ਗਏ?

   (ਜੇਕਰ ਸਥਾਨ ਦੀ ਤਲਾਸ਼ੀ, ਤਲਾਸ਼ੀ ਦੀ ਪ੍ਰਵਾਨਗੀ ਦੇ ਅਧਾਰ ਤੇ ਕੀਤੀ ਗਈ ਹੋਵੇ)

5. ਕੀ ਤਲਾਸ਼ੀ ਲੈਣ ਵਾਲੀ ਟੀਮ ਨੂੰ ਸਥਾਨ ਦੀ ਤਲਾਸ਼ੀ ਲੈਣ ਤੋਂ ਪਹਿਲਾਂ ਮਾਲਕ ਜਾਂ ਉਥੇ ਰਹਿਣ ਵਾਲੇ ਵਲੋਂ ਆਪਣੀ ਨਿੱਜੀ ਤਲਾਸ਼ੀ ਦੇਣ ਦੀ ਪੇਸ਼ਕਸ਼ ਕੀਤੀ?

6. ਕੀ ਤਲਾਸ਼ੀ ਵਾਲੇ ਸਥਾਨ 'ਤੇ ਰਹਿਣ ਵਾਲਿਆਂ ਜਾਂ ਉਸ ਵਿਅਕਤੀ ਜਿਸ ਨੂੰ ਕਿ ਜਨਤਕ ਸਥਾਨ ਤੇ ਰੋਕਿਆ ਗਿਆ ਹੈ, ਨੂੰ ਧਾਰਾ 50 ਅਧੀਨ ਲਿਖਤੀ ਨੋਟਿਸ ਦਿੱਤਾ ਗਿਆ? (ਜੇਕਰ ਵਿਅਕਤੀ ਦੀ ਸਰੀਰਕ ਤਲਾਸ਼ੀ ਲਈ ਗਈ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਅਤੇ ਜੇਕਰ ਕੇਵਲ ਸਥਾਨ ਜਾਂ ਵਿਅਕਤੀ ਦੇ ਬੈਗ, ਅਟੈਚੀ ਆਦਿ ਦੀ ਤਲਾਸ਼ੀ ਲਈ ਗਈ ਹੈ ਤਾਂ ਇਹ ਜ਼ਰੂਰੀ ਨਹੀਂ ਹੈ) ਕੀ ਅਜਿਹੇ ਨੋਟਿਸ ਦਾ ਜਵਾਬ ਉਸ ਉਤੇ ਲਿਖਤੀ ਰੂਪ ਵਿਚ ਰਿਕਾਰਡ ਕੀਤਾ ਗਿਆ?

7. ਕੀ ਤਲਾਸ਼ੀ ਲੈਣ ਵਾਲੀ ਟੀਮ ਵਿਚ ਮਹਿਲਾ ਅਧਿਕਾਰੀ ਇਹ ਯਕੀਨੀ ਬਣਾਉਣ ਲਈ ਸ਼ਾਮਲ ਸੀ ਕਿ ਔਰਤ ਦੀ ਤਲਾਸ਼ੀ ਔਰਤ ਵੱਲੋਂ ਹੀ ਲਈ ਜਾਵੇ?

(ਐਨ ਡੀ ਪੀ ਐੱਸ ਐਕਟ ਦੀ ਧਾਰਾ 50 (4))

8. ਕੀ ਇਹ ਕਾਰਣ ਲਿਖਤੀ ਰੂਪ ਵਿਚ ਰਿਕਾਰਡ ਕੀਤਾ ਗਿਆ ਹੈ ਕਿ ਉਸ ਵਿਅਕਤੀ ਜਿਸ ਦੀ ਕਿ ਤਲਾਸ਼ੀ ਲਈ ਜਾਣੀ ਹੈ ਨੂੰ ਅਜਿਹੇ ਅਫ਼ਸਰਾਂ ਕੋਲ ਇਸ ਡਰ ਤੋਂ ਨਹੀਂ ਲਿਜਾਇਆ ਜਾ ਸਕਦਾ ਕਿ ਅਜਿਹਾ ਕਰਨ ਤੇ ਉਹ ਆਪਣੇ ਕੋਲ ਰੱਖੀਆਂ ਨਸ਼ੀਲੀਆਂ ਦਵਾਈਆਂ ਅਤੇ ਹੋਰ ਦੋਸ਼-ਆਰੋਪਣ ਵਾਲੀਆਂ ਵਸਤੂਆਂ ਨੂੰ ਆਪਣੇ ਤੋਂ ਦੂਰ ਕਰ ਦੇਵੇਗਾ?

(ਉਹ ਵਿਅਕਤੀ ਜਿਸ ਦੀ ਕਿ ਨਸ਼ੀਲੀਆਂ ਦਵਾਈਆਂ ਅਤੇ ਹੋਰ ਦੋਸ਼-ਅਰੋਪਣ ਵਾਲੀਆਂ ਵਸਤੂਆਂ ਹੋਣ ਦੇ ਸ਼ੱਕ ਕਾਰਣ ਤਲਾਸ਼ੀ ਲਈ ਜਾਣੀ ਹੈ, ਐਨ ਡੀ ਪੀ ਐੱਸ ਐਕਟ ਦੀ ਧਾਰਾ 50 (1) ਵਿਚ ਦਿੱਤੇ ਅਨੁਸਾਰ ਕਿਸੇ ਮੈਜਿਸਟ੍ਰੇਟ ਜਾਂ ਗਜ਼ਟਡ ਅਫ਼ਸਰ ਦੇ ਸਾਹਮਣੇ ਆਪਣੀ ਤਲਾਸ਼ੀ ਲਈ ਜਾਣ ਦੇ ਕਾਨੂੰਨੀ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ।

ਜੇਕਰ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ (ਡੀ ਐੱਲ ਈ ਓ) ਕੋਲ ਇਹ ਵਿਸ਼ਵਾਸ ਕਰਨ ਦਾ ਕਾਰਣ ਹੈ ਕਿ ਸੰਦੇਹਜਨਕ ਵਿਅਕਤੀ ਆਪਣੇ ਕਬਜ਼ੇ ਵਿਚ ਰੱਖੀਆਂ ਨਸ਼ੀਲੀਆਂ ਦਵਾਈਆਂ

ਅਤੇ ਹੋਰ ਦੋਸ਼ ਆਰੋਪਣ ਵਾਲੀਆਂ ਵਸਤੂਆਂ ਆਪਣੇ ਤੋਂ ਵੱਖ ਕਰ ਦੇਵੇਗਾ ਤਾਂ ਉਹ ਉਸ ਨੂੰ ਅਜਿਹੇ ਅਫ਼ਸਰਾਂ ਕੋਲ ਨਾ ਲਿਜਾਉਣ ਦਾ ਫੈਸਲਾ ਲੈ ਸਕਦਾ ਹੈ ਅਤੇ ਆਪ ਹੀ ਉਨ੍ਹਾਂ ਦੀ ਤਲਾਸ਼ੀ ਐੱਨ ਡੀ ਪੀ ਐੱਸ ਐਕਟ ਦੀ ਧਾਰਾ 50 (5) ਵਿਚ ਦਿੱਤੇ ਅਨੁਸਾਰ ਲੈ ਸਕਦਾ ਹੈ)

9. ਕੀ '8' ਤੇ ਦਿੱਤੇ ਅਨੁਸਾਰ ਦਸਤਾਵੇਜ਼ ਦੀ ਕਾਪੀ ਉਸ ਦੇ ਅਗਲੇ ਉੱਚ ਅਧਿਕਾਰੀ ਨੂੰ 72 ਘੰਟਿਆਂ ਦੇ ਅੰਦਰ ਦਿੱਤੀ ਗਈ ਹੈ?

(ਐੱਨ ਡੀ ਪੀ ਐੱਸ ਐਕਟ ਦੀ ਧਾਰਾ 50 (6) )

10. ਕੀ ਕਬਜ਼ੇ ਵਿਚ ਲਏ ਸਾਰੇ ਸੰਦੇਹਜਨਕ ਪਦਾਰਥਾਂ ਦੀ ਜਾਂਚ ਡ੍ਰੱਗ ਡਿਟੈਕਸ਼ਨ ਕਿਟਾਂ/ਪ੍ਰੀਕਰਸਰ ਟ੍ਰੈਸਟਿੰਗ ਕਿਟਾਂ ਅਤੇ ਰੰਗ ਦੇ ਨਾਲ ਮੇਲ ਖਾਂਦੇ ਨਤੀਜਿਆਂ ਨਾਲ ਨਸ਼ੀਲੀਆਂ ਵਸਤੂਆਂ, ਨਸ਼ੀਲੇ ਪਦਾਰਥਾਂ ਜਾਂ ਨਿਯੰਤ੍ਰਿਤ ਪਦਾਰਥਾਂ ਦੀ ਮੌਜੂਦਗੀ ਦਰਸਾਉਣ ਲਈ ਕੀਤੀ ਗਈ ਅਤੇ ਇਨ੍ਹਾਂ ਸਾਰਿਆਂ ਦਾ ਲਿਖਤੀ ਸਬੂਤ ਰੱਖਿਆ ਗਿਆ?

11. ਕੀ ਕਬਜ਼ੇ ਵਿਚ ਲਏ ਸਾਰੇ ਦਸਤਾਵੇਜ਼, ਵਸਤੂਆਂ ਜਾਂ ਚੀਜ਼ਾਂ ਦੀ ਜਾਂਚ/ਨਿਰੀਖਣ, ਐਕਟ ਅਧੀਨ ਉਨ੍ਹਾਂ ਦੀ ਮਹੱਤਤਾ ਅਤੇ ਅਪਰਾਧ ਨਾਲ ਜੋੜੇ ਜਾਣ ਲਈ ਕੀਤੀ ਗਈ ?

12. ਕੀ ਜ਼ਬਤ ਅਤੇ ਕੁਰਕੀ ਕਰਨਯੋਗ ਪ੍ਰਾਪਤ ਕੀਤੀਆਂ ਅਤੇ ਮਹੱਤਵਪੂਰਨ (ਸਬੰਧਤ) ਵਸਤੂਆਂ ਨੂੰ ਪੰਚਨਾਮਾ ਵਿਚ ਲਿਖਤੀ ਦਰਜ ਅਤੇ ਉਨ੍ਹਾਂ ਨੂੰ ਵਸਤੂ-ਸੂਚੀ (Inventory) ਵਿਚ ਧਿਆਨਪੂਰਵਕ ਦਰਜ ਕੀਤਾ ਗਿਆ?

13. ਕੀ ਤਲਾਸ਼ੀ ਦੌਰਾਨ, ਅਪਰਾਧ ਕੀਤੇ ਜਾਣ ਅਤੇ ਬਾਅਦ ਦੀਆਂ ਜਾਂਚ-ਪੜਤਾਲਾਂ ਲਈ ਮਹੱਤਵਪੂਰਨ ਪਾਈਆਂ ਗਈਆਂ ਵਸਤੂਆਂ, ਦਸਤਾਵੇਜ਼, ਚੀਜ਼ਾਂ, ਸਮਾਨ ਅਤੇ ਸੰਪਦਾ ਨੂੰ ਜ਼ਬਤ ਕੀਤਾ ਗਿਆ ਅਤੇ ਜ਼ਬਤ ਕਰਨ ਦੇ ਤੱਥ ਨੂੰ ਪੰਚਨਾਮਾ ਵਿਚ ਲਿਖਤੀ ਸਬੂਤ ਵਜੋਂ ਦਰਜ ਕੀਤਾ ਗਿਆ?

## ਨਮੂਨਿਆਂ ਨੂੰ ਲੈਣਾ

14. ਕੀ ਸਥਾਨ ਤੇ ਹੀ ਜ਼ਬਤ ਕੀਤੇ ਸੰਦੇਹਜਨਕ ਪਦਾਰਥਾਂ ਦੇ ਹਰੇਕ ਪੈਕਟ ਜਾਂ (ਢੇਰ) (Lot) (ਜੇਕਰ ਗਾਂਜਾ ਅਤੇ ਅਫੀਮ ਦੇ ਮਾਮਲੇ ਵਿਚ 40 ਪੈਕਟਾਂ ਦੀ ਇੱਕ ਢੇਰੀ ਅਤੇ ਹੋਰ ਨਸ਼ੀਲੀਆਂ ਦਵਾਈਆਂ ਦੇ ਮਾਮਲੇ ਵਿਚ 10 ਦੇ ਪੈਕਟਾਂ ਦੀ ਇੱਕ ਢੇਰੀ ਬਣਾਏ ਗਏ ਹੋਣ) ਵਿਚੋਂ ਨਮੂਨਾ ਸੈਂਪਲਾਂ ਦਾ ਦੋ ਨਮੂਨਿਆਂ ਦਾ ਇੱਕ ਸੈੱਟ ਲਿਆ ਗਿਆ?

15. ਕੀ ਇਹ ਯਕੀਨੀ ਬਣਾਇਆ ਗਿਆ ਕਿ ਨਮੂਨਾ ਸੈਂਪਲ ਨਿਰਧਾਰਤ ਵਜ਼ਨ ਦੇ ਹਨ?

    (ਅਫੀਮ, ਗਾਂਜਾ ਅਤੇ ਚਰਸ ਦੇ ਮਾਮਲੇ ਵਿਚ 24 ਗ੍ਰਾਮ ਹਰੇ ਕ ਅਤੇ ਹੋਰ ਸਭ ਦੇ ਮਾਮਲੇ ਵਿਚ 5 ਗ੍ਰਾਮ ਹਰੇਕ)

16. ਕੀ ਨਮੂਨਾ ਸੈਂਪਲਾਂ ਸਮੇਤ ਸਾਰੇ ਪੈਕਟਾਂ ਨੂੰ ਉਚਿਤ ਰੂਪ ਵਿਚ ਪੈਕ ਕੀਤਾ, ਉਨ੍ਹਾਂ 'ਤੇ ਚਿੰਨ੍ਹ ਲਗਾਇਆ ਅਤੇ ਸੀਲ-ਬੰਦ ਕੀਤਾ ਗਿਆ?

    (ਹਵਾਲਾ ਦੇਣ ਦੀ ਅਸਾਨੀ ਲਈ ਮੂਲ ਪੈਕਟ ਜਾਂ ਢੇਰ ਨੂੰ 'ਪੀ' ਜਾਂ 'ਐਲ' ਵਜੋਂ ਚਿੰਨ੍ਹਬੱਧ ਅਤੇ ਨਮੂਨਾ ਸੈਂਪਲਾਂ ਦੇ ਦੋ ਸੈੱਟਾਂ ਨੂੰ 'ਐੱਸ ਓ 1' ਅਤੇ 'ਐੱਸ ਡੀ 1' ਵਜੋਂ ਅਤੇ ਇਸ ਤਰ੍ਹਾਂ ਹੋਰਾਂ ਨੂੰ ਵੀ ਚਿੰਨ੍ਹਬੱਧ ਕੀਤਾ ਜਾ ਸਕਦਾ ਹੈ। ਨਮੂਨਿਆਂ ਨੂੰ ਅੱਗ ਨਾਲ (Heat) ਬੰਦ ਕੀਤੇ ਪਲਾਸਟਿਕ ਪਾਊਚਾਂ ਵਿਚ ਰੱਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਕਿ ਚਿੰਨ੍ਹ ਲਗਾਉਣ ਅਤੇ ਬੰਦ (ਸੀਲ) ਕਰਨ ਤੋਂ ਪਹਿਲਾਂ ਕਾਗਜ਼ ਦੇ ਲਿਫਾਫਿਆਂ ਵਿਚ ਰੱਖਿਆ ਜਾ ਸਕਦਾ ਹੈ।

17. ਕੀ ਟੈੱਸਟ ਮੀਮੋ (Test Memo) ਨੂੰ ਤਿਹਰੀ ਪਰਤ ਵਿਚ, ਮੌਕੇ ਤੇ ਹੀ ਤਿਆਰ ਕੀਤਾ ਗਿਆ ਅਤੇ ਸੀਲ ਦੀ ਹੂ-ਬ-ਹੂ ਛਾਪ ਜੋ ਕਿ ਨਮੂਨਾ ਲਿਫਾਫਿਆਂ ਨੂੰ ਸੀਲ ਕਰਨ ਵਿਚ ਵਰਤੀ ਗਈ, ਨੂੰ ਟੈੱਸਟ ਮੀਮੋ ਤੇ ਲਗਾਇਆ ਗਿਆ?

18. ਕੀ ਪੰਚਨਾਮਾ/ ਜ਼ਬਤੀ ਮੀਮੋ / ਮਹਾਜ਼ਰ ਨੂੰ ਮੌਕੇ ਤੇ ਧਿਆਨਪੂਰਵਕ ਤਿਆਰ ਕੀਤਾ ਗਿਆ ਅਤੇ ਖੋਜ ਕਾਰਵਾਈ ਦੇ ਆਰੰਭ ਹੋਣ ਅਤੇ ਸਮਾਪਤ ਕਰਨ ਦੇ ਸਮੇਂ ਸਮੇਤ ਘਟਨਾਵਾਂ ਦੀ ਲੜੀ ਨੂੰ ਸਹੀ ਰੂਪ ਵਿਚ ਦਰਸਾਇਆ ਗਿਆ?

19. ਕੀ ਇਹ ਯਕੀਨੀ ਬਣਾਇਆ ਗਿਆ ਕਿ ਪੰਚਨਾਮਾ ਅਤੇ ਸਾਰੇ ਜ਼ਬਤ/ਪ੍ਰਾਪਤ ਕੀਤੇ ਦਸਤਾਵੇਜ਼ਾਂ/ ਵਸਤੂਆਂ/ਚੀਜ਼ਾਂ ਉੱਪਰ ਉਸ ਵਿਅਕਤੀ, ਜਿਸ ਦੇ ਸਥਾਨ ਦੀ ਤਲਾਸ਼ੀ ਲਈ ਗਈ ਜਾਂ ਜਿਸ ਤੋਂ ਇਹ ਹਾਸਲ ਕੀਤੇ ਗਏ, ਦੇ ਹਸਤਾਖ਼ਰ, ਦੋ ਹੋਰ ਗਵਾਹਾਂ, ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਮਹਿਲਾ ਅਫ਼ਸਰ, ਜੇਕਰ ਕਾਰਵਾਈ ਦੌਰਾਨ ਇਸਤਰੀ ਦੀ ਵੀ ਤਲਾਸ਼ੀ ਲਈ ਗਈ ਹੋਵੇ ਤਾਂ, ਦੇ ਵੀ ਹਸਤਾਖ਼ਰ ਲਏ ਗਏ ਹਨ?

20. ਕੀ ਮਾਲਕ/ਸਥਾਨ ਤੇ ਰਹਿਣ ਵਾਲੇ ਅਤੇ ਰਿਕਵਰੀ ਗਵਾਹਾਂ ਨੂੰ ਜਾਂਚ ਕਰਨ ਦਾ ਨੋਟਿਸ ਐਨ ਡੀ ਪੀ ਐੱਸ ਐਕਟ ਦੀ ਧਾਰਾ 67 ਅਧੀਨ ਜਾਰੀ ਕੀਤਾ ਗਿਆ ਅਤੇ ਉਨ੍ਹਾਂ ਦੇ ਬਿਆਨਾਂ ਨੂੰ ਜਾਂਚ ਅਧਿਕਾਰੀ (ਡੀ ਐਲ ਈ ਓ) ਵੱਲੋਂ ਰਿਕਾਰਡ ਕੀਤਾ ਗਿਆ?

## ਗ੍ਰਿਫ਼ਤਾਰੀਆਂ

21. ਕੀ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੇ ਸਬੰਧ ਵਿਚ ਗ੍ਰਿਫ਼ਤਾਰੀ ਅਤੇ ਗ੍ਰਿਫ਼ਤਾਰੀ ਦੇ ਕਾਰਣਾਂ ਦੀ ਸੂਚਨਾਂ ਦਿੰਦਾ ਲਿਖਤੀ ਗ੍ਰਿਫ਼ਤਾਰੀ ਮੀਮੋ (ਫਰਦ) ਤਿਆਰ ਕੀਤਾ ਗਿਆ?

22. ਕੀ ਗ੍ਰਿਫ਼ਤਾਰੀ ਗਵਾਹ ਦੀ ਹਾਜ਼ਰੀ ਵਿਚ ਕੀਤੀ ਗਈ ਅਤੇ ਉਸ ਦੇ ਹਸਤਾਖ਼ਰ ਗ੍ਰਿਫ਼ਤਾਰੀ ਮੀਮੋ ਤੇ ਹਾਸਲ ਕੀਤੇ ਗਏ?

23. ਕੀ ਗ੍ਰਿਫ਼ਤਾਰ ਕੀਤੇ ਜਾਣ ਦੇ ਕਾਰਣ ਸਬੰਧੀ ਉਸ ਵਿਅਕਤੀ ਜਿਸ ਨੂੰ ਕਿ ਗ੍ਰਿਫ਼ਤਾਰ ਕੀਤਾ ਹੈ, ਦੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਸੂਚਿਤ ਕੀਤਾ ਗਿਆ ਅਤੇ ਇਸ ਸਬੰਧੀ ਗ੍ਰਿਫ਼ਤਾਰੀ ਮੀਮੋ ਤੇ ਵੀ ਉਸ ਨੂੰ ਅੰਕਿਤ ਕੀਤਾ ਗਿਆ।

24. ਕੀ ਗ੍ਰਿਫ਼ਤਾਰੀ ਦੇ ਵੇਰਵਿਆਂ ਨੂੰ ਐਸ ਐੱਚ ਓ, ਪੁਲਿਸ ਥਾਣਾ ਜਿਸ ਦੇ ਕਿ ਅਧਿਕਾਰ ਖੇਤਰ ਵਿਚ ਗ੍ਰਿਫ਼ਤਾਰ ਕੀਤੇ ਵਿਅਕਤੀ ਦੀ ਰਿਹਾਇਸ਼ ਪੈਂਦੀ ਹੈ, ਨਾਲ ਸਾਂਝਾ ਕੀਤਾ ਗਿਆ?

(21 ਤੋਂ 24 ਤੱਕ ਦੇ ਨੁਕਤੇ "ਪੱਛਮੀ ਬੰਗਾਲ ਸਰਕਾਰ ਬਨਾਮ ਡੀ.ਕੇ. ਬਾਸੂ" ਦੇ ਕੇਸ ਵਿਚ ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਵੱਲੋਂ ਨਿਸ਼ਚਿਤ ਦਿਸ਼ਾ-ਨਿਰਦੇਸ਼ ਹਨ)

25. ਜੇਕਰ ਗ੍ਰਿਫ਼ਤਾਰ ਕੀਤਾ ਵਿਅਕਤੀ ਵਿਦੇਸ਼ੀ ਹੈ, ਕੀ ਉਸ ਦੇ ਗ੍ਰਿਫ਼ਤਾਰੀ ਵੇਰਵਿਆਂ ਨੂੰ ਹੇਠ ਲਿਖਿਆਂ ਨਾਲ ਸਾਂਝਾ ਕੀਤਾ ਗਿਆ : -

1) ਸੰਯੁਕਤ ਸਕੱਤਰ, ਸੀ ਪੀ ਵੀ ਡਵਿਜ਼ਨ, ਐਮ ਈ ਏ, ਪਟਿਆਲਾ ਹਾਊਸ, ਨਵੀਂ ਦਿੱਲੀ।

2) ਗ੍ਰਿਹਿ-ਮਾਮਲੇ ਮੰਤ੍ਰਾਲਾ, ਫਾੱਰਨਰਜ਼ ਡਵੀਜ਼ਨ ਨੰ. 26, ਮਾਨ ਸਿੰਘ ਰੋਡ, ਜੈਸਲਮੇਰ ਹਾਊਸ, ਨਵੀਂ ਦਿੱਲੀ।

26. ਕੀ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਉਸ ਦੀ ਗ੍ਰਿਫ਼ਤਾਰੀ ਦੇ 24 ਘੰਟਿਆਂ ਅੰਦਰ, ਮੈਜਿਸਟ੍ਰੇਟ ਸਾਹਮਣੇ ਪੇਸ਼ ਕੀਤਾ ਗਿਆ?

27. ਕੀ ਜ਼ਬਤੀ ਅਤੇ ਗ੍ਰਿਫ਼ਤਾਰੀ ਦੀ ਰਿਪੋਟ ਨੂੰ ਜਿਵੇਂ ਕਿ ਐਨ ਡੀ ਪੀ ਐਸ ਐਕਟ ਦੀ ਧਾਰਾ 57 ਅਧੀਨ ਲੋੜੀਂਦਾ ਹੈ, ਅਗਲੇ ਉੱਚ-ਅਧਿਕਾਰੀ ਨੂੰ ਜ਼ਬਤੀ/ਗ੍ਰਿਫ਼ਤਾਰੀ ਦੇ 48 ਘੰਟਿਆਂ ਅੰਦਰ ਭੇਜਿਆ ਗਿਆ?

## ਜ਼ਬਤ ਕੀਤੀਆਂ ਨਸ਼ੀਲੀਆਂ ਦਵਾਈਆਂ ਦੀ ਸੰਭਾਲ ਲੜੀ

28. ਕੀ ਜ਼ਬਤੀ ਤੋਂ ਬਾਅਦ ਪਹਿਲਾ ਮੌਕਾ ਮਿਲਣ ਤੇ ਹੀ ਜ਼ਬਤ ਕੀਤੀਆਂ ਵਸਤੂਆਂ ਅਤੇ ਨਮੂਨਿਆਂ ਨੂੰ ਮਾਲਖਾਨੇ ਵਿਚ ਜਮ੍ਹਾਂ ਕਰਵਾਇਆ ਗਿਆ ਅਤੇ ਮਾਲਖਾਨਾ ਇੰਚਾਰਜ ਤੋਂ ਪ੍ਰਾਪਤੀ-ਰਸੀਦ ਲਈ ਗਈ?

29. ਕੀ ਨਮੂਨਿਆਂ ਨੂੰ ਜ਼ਬਤੀ ਦੇ 72 ਘੰਟਿਆਂ ਦੇ ਅੰਦਰ ਨਿਰਧਾਰਤ ਲੈਬੋਰਟਰੀ ਵਿਚ ਵਿਸ਼ਲੇਸ਼ਣ ਅਤੇ ਰਿਪੋਟ ਲਈ ਭੇਜਿਆ ਗਿਆ?

(ਨਮੂਨੇ, ਵਿੱਤ ਮੰਤ੍ਰਾਲਾ ਅਧੀਨ ਕਸਟਮਜ਼ ਅਤੇ ਹੋਰ ਏਜੰਸੀਆਂ ਦੇ ਮਾਮਲੇ ਵਿਚ 'ਸੀ ਆਰ ਸੀ ਐੱਲ' ਨੂੰ ਐੱਮ ਐਚ ਏ ਅਧੀਨ ਪੁਲਿਸ ਅਤੇ ਹੋਰ ਏਜੰਸੀਆਂ ਲਈ 'ਸੀ ਐਫ ਐੱਸ ਐੱਲ' ਅਤੇ ਪੁਲਿਸ ਅਤੇ ਹੋਰ ਰਾਜ ਏਜੰਸੀਆਂ ਲਈ 'ਰਾਜ ਐਫ ਐੱਸ ਐੱਲ' ਨੂੰ ਭੇਜੇ ਜਾਣਗੇ)

## ਸੰਪਦਾ ਦੀ ਜ਼ਬਤੀ, ਜਾਮ (Freeze) ਕਰਨਾ ਅਤੇ ਕੁਰਕੀ ਕਰਨਾ

30. ਕੀ ਐਨ ਡੀ ਪੀ ਐੱਸ ਐਕਟ ਦੀ ਧਾਰਾ 68 ਐਫ ਅਧੀਨ ਤਲਾਸ਼ੀ ਲਏ ਗਏ/ਜਾਂਚ-ਪੜਤਾਲ ਕੀਤੇ ਗਏ ਵਿਅਕਤੀ ਨੂੰ ਸਾਰੀ ਸੰਪਦਾ/ਆਈ ਏ ਪੀ ਨੂੰ ਜ਼ਬਤ ਕਰਨ/ਜਾਮ ਕਰਨ ਦੇ ਆਦੇਸ਼ ਉਸ ਵੱਲੋਂ ਜਾਰੀ ਕੀਤੇ ਗਏ ਸਨ ਅਤੇ ਉਸ ਵਿਅਕਤੀ ਨੂੰ ਦਿੱਤੇ ਗਏ?

31. ਕੀ ਜਾਮ ਕਰਨ/ ਜ਼ਬਤੀ ਦੇ ਆਦੇਸ਼ ਦੀ ਕਾਪੀ ਉਸ ਨੂੰ ਬਣਾਉਣ ਦੇ 48 ਘੰਟਿਆਂ ਦੇ ਅੰਦਰ ਐਨ ਡੀ ਪੀ ਐੱਸ ਐਕਟ ਦੀ ਧਾਰਾ 68 ਐਫ (1) ਦੇ ਉਪਬੰਧ ਅਨੁਸਾਰ ਅਧਿਕਾਰ ਖੇਤਰ ਵਿਚ ਆਉਂਦੇ ਸਮਰੱਥ ਅਧਿਕਾਰੀ (ਅਥਾਰਟੀ) ਨੂੰ ਭੇਜੀ ਗਈ?

32. ਕੀ ਜ਼ਬਤੀ/ਜਾਮ ਕਰਨ ਦੇ ਆਦੇਸ਼ ਦੀ ਪੁਸ਼ਟੀ ਸਮਰੱਥ ਅਥਾਰਟੀ ਤੋਂ 30 ਦਿਨਾਂ ਅੰਦਰ ਪ੍ਰਾਪਤ ਕੀਤੀ ਗਈ ? ਕੀ ਜ਼ਬਤ ਕੀਤੀ ਸੰਪਦਾ ਦੀ ਕੁਰਕੀ ਸਬੰਧੀ ਸਮਰੱਥ ਅਥਾਰਟੀ ਵੱਲੋਂ ਅੰਤਿਮ ਆਦੇਸ਼ਾਂ ਲਈ ਕੇਸ ਦਾ ਨਿਰੀਖਣ ਕੀਤਾ ਗਿਆ?

33. ਕੀ ਅਪਰਾਧ ਵਿਚ ਦੋਸ਼ੀ ਵਿਅਕਤੀਆਂ ਦੀ ਭੂਮਿਕਾ, ਉਨ੍ਹਾਂ ਦੇ ਸੰਪਰਕ, ਸਾਜਸ਼ ਅਤੇ ਜ਼ਬਤ ਕੀਤੀ ਸੰਪਦਾ ਵਿਚ ਉਨ੍ਹਾਂ ਦੀ ਸਾਂਝ ਆਦਿ ਦੇ ਪ੍ਰੋੜਤਾ ਕਰਦੇ ਸਬੂਤ ਨੂੰ ਸਿੱਧ ਕਰਨ ਲਈ ਸਾਰੇ ਸੁਰਾਗਾਂ ਦੀ ਬਾਦ 'ਚ ਜਾਂਚ, ਵਿਸ਼ਲੇਸ਼ਣ ਅਤੇ ਪੜਤਾਲ ਕੀਤੀ ਗਈ?

## ਨਿਰੋਧਕ ਹਿਰਾਸਤ

34. ਕੀ ਪੀ. ਆਈ. ਟੀ. ਐੱਨ. ਡੀ. ਪੀ. ਐੱਸ. ਐਕਟ, 1988 ਦੀ ਧਾਰਾ 3 ਅਧੀਨ ਨਿਰੋਧਕ ਹਿਰਾਸਤ ਲਈ ਕੇਸ ਦਾ ਮੁਲਾਂਕਣ ਅਤੇ ਉਸ ਨੂੰ ਪ੍ਰਾਸੈੱਸ ਕੀਤਾ ਗਿਆ ਅਤੇ ਜੇਕਰ ਕੇਸ ਉਚਿਤ ਜਾਪਿਆ ਤਾਂ ਕੀ ਡੀਟੇਨਿੰਗ ਅਥਾਰਟੀ (ਡੀ ਏ) ਨੂੰ ਛੇਤੀ ਤੋਂ ਛੇਤੀ, ਜ਼ਬਤੀ ਤੋਂ 30-45 ਦਿਨਾਂ ਦੇ ਅੰਦਰ, ਤਜ਼ਵੀਜ਼ ਭੇਜੀ ਗਈ?

35. ਕੀ ਡੀ ਏ ਵੱਲੋਂ ਕੋਈ ਹਿਰਾਸਤ ਦਾ ਆਦੇਸ਼ (ਡੀ ਓ) ਜਾਰੀ ਕੀਤ ਗਏ?

36. ਕੀ ਹਿਰਾਸਤ ਅਧੀਨ ਵਿਅਕਤੀ, ਭਾਵੇਂ ਉਹ ਜੇਲ੍ਹ ਅੰਦਰ ਹੋਵੇ ਜਾਂ ਬਾਹਰ, ਨੂੰ ਹਿਰਾਸਤ ਦਾ ਆਦੇਸ਼ ਭੇਜਿਆ ਗਿਆ ਅਤੇ ਇਸ ਸਬੰਧੀ ਪਹੁੰਚ ਦੀ ਕਾਪੀ ਉੱਪਰ ਉਸ ਦੇ ਹਸਤਾਖ਼ਰ ਲਏ ਗਏ?

37. ਕੀ ਭਾਰਤੀ ਸੰਵਿਧਾਨ ਦੇ ਅਨੁਛੇਦ 22 (5) ਦੇ ਅਨੁਸਰਣ ਵਿਚ ਪੰਜ ਦਿਨਾਂ ਦੇ ਅੰਦਰ-ਅੰਦਰ ਹਿਰਾਸਤ ਅਧੀਨ ਵਿਅਕਤੀ ਨੂੰ ਹਿਰਾਸਤ ਦੇ ਕਾਰਣ ਭੇਜੇ ਗਏ ਅਤੇ ਪਹੁੰਚ ਦੀ ਕਾਪੀ ਉੱਪਰ ਉਸ ਦੇ ਹਸਤਾਖ਼ਰ ਲਏ ਗਏ?

38. ਕੀ ਵਿਅਕਤੀ ਨੂੰ ਲੱਭਣ ਅਤੇ ਹਿਰਾਸਤ ਅਧੀਨ ਕਰਨ ਦੇ ਯਤਨਾਂ ਦਾ ਰਿਕਾਰਡ ਸਮੇਂ-ਸਮੇਂ ਤੇ ਰੱਖਿਆ ਗਿਆ?

(ਜੇਕਰ ਵਿਅਕਤੀ ਉਪਲੱਬਧ ਨਹੀਂ ਹੈ ਅਤੇ ਫਰਾਰ ਹੈ)

39. ਕੀ ਹਿਰਾਸਤ ਦੇ ਦਸਤਾਵੇਜ਼ਾਂ ਦਾ ਪਹੁੰਚ-ਸੈੱਟ (acknowledgement set) ਪੀ. ਆਈ. ਟੀ. ਐੱਨ. ਡੀ. ਪੀ. ਐੱਸ. ਸੈੱਲ ਨੂੰ ਹਿਰਾਸਤ/ਸੇਵਾ ਦੇ 15 ਦਿਨਾਂ ਅੰਦਰ ਭੇਜਿਆ ਗਿਆ ਤਾਂ ਜੋ ਮਾਮਲੇ ਨੂੰ ਹਿਰਾਸਤ ਦੀ ਮਿਤੀ ਤੋਂ ਪੰਜ ਹ਼ਫਤਿਆਂ ਦੇ ਅੰਦਰ ਪੀ. ਆਈ. ਟੀ. ਐੱਨ. ਡੀ. ਪੀ. ਐੱਸ. ਸੈੱਲ ਵਲੋਂ ਐਡਵਾਈਜ਼ਰੀ (ਸਲਾਹਕਾਰ) ਬੋਰਡ ਸਾਹਮਣੇ ਰੱਖਿਆ ਜਾ ਸਕੇ?

## ਫੋਲੋ ਅਪ (ਪੈਰਵੀ)

40. ਕੀ ਜਾਂਚ ਕੇਸ ਫਾਈਲ ਨੂੰ ਉੱਚ ਅਧਿਕਾਰੀਆਂ ਅੱਗੇ, ਕੇਸ ਦੀ ਪ੍ਰਗਤੀ ਦੀ ਸੂਚਨਾ ਦੇਣ ਲਈ 'ਤੇ ਉਨ੍ਹਾਂ ਦੀਆਂ ਹਦਾਇਤਾਂ, ਨਿਰੀਖਣ ਅਤੇ ਦਿਸ਼ਾ-ਨਿਰਦੇਸ਼ ਲਈ, ਨਿਯਮਿਤ ਤੌਰ ਤੇ (ਹਫ਼ਤੇ/ਪੰਦਰਵਾੜੇ ਵਿਚ ਘੱਟੋ ਘੱਟ ਇਕ ਵਾਰ) ਪੇਸ਼ ਕੀਤਾ ਗਿਆ?

41. ਕੀ ਸ਼ਿਕਾਇਤ ਦਾਇਰ ਕਰਨ ਤੋਂ ਪਹਿਲਾਂ ਲੈਬੋਰਟਰੀ ਤੋਂ ਟੈਸਟ ਰਿਪੋਟ ਸਮੇਂ ਸਿਰ ਪ੍ਰਾਪਤ ਕੀਤੀ ਗਈ? ਜੇਕਰ ਨਹੀਂ ਤਾਂ ਕੀ ਇਸ ਦਾ ਫੋਲੋਅਪ ਲਿਆ ਜਾਂ ਨਹੀਂ?

42. ਕੀ ਜਾਂਚ ਸਮੇਂ ਸਿਰ, ਸ਼ਿਕਾਇਤ ਦਾਇਰ ਕਰਨ ਦੇ ਸਮੇਂ ਤੋਂ ਘੱਟੋ ਘੱਟ 2 ਹਫ਼ਤੇ ਪਹਿਲਾਂ, ਮੁਕੰਮਲ ਕੀਤੀ ਗਈ?

(ਵੱਡੀ ਮਾਤਰਾ ਦੇ ਕੇਸਾਂ ਵਿਚ ਸ਼ਿਕਾਇਤ 180 ਦਿਨਾਂ ਦੇ ਅੰਦਰ ਅਤੇ ਹੋਰ ਕੇਸਾਂ ਲਈ ਇਹ 60 ਦਿਨਾਂ ਅੰਦਰ ਦਾਇਰ ਕੀਤੀ ਜਾਣੀ ਚਾਹੀਦੀ ਹੈ। ਜਾਂਚ ਅਧਿਕਾਰੀ (ਡੀ ਐਲ ਈ ਓ) ਕੋਲ ਸਾਰੇ ਸਬੂਤਾਂ ਨੂੰ ਇਕੱਠਾ ਕਰਨ ਲਈ, ਡ੍ਰਾਫਟ ਸ਼ਿਕਾਇਤ ਤਿਆਰ ਕਰਨ, ਉਸ ਨੂੰ ਕੋਰਟ ਵਿਚ ਦਾਇਰ ਕਰਨ ਤੋਂ ਪਹਿਲਾਂ ਉਸ ਵਿਚ ਉੱਚ ਅਫ਼ਸਰਾਂ ਅਤੇ ਕਾਨੂੰਨੀ ਅਫ਼ਸਰ / ਵਿਭਾਗੀ ਕਾਊਂਸਲ ਤੋਂ ਸੋਧ ਕਰਵਾਉਣ ਲਈ ਉਚਿਤ ਸਮਾਂ ਹੋਣਾ ਚਾਹੀਦਾ ਹੈ)

43. ਕੀ ਸ਼ਿਕਾਇਤ ਸਾਰੇ ਪੱਖਾਂ ਤੋਂ ਮੁਕੰਮਲ ਹੈ ਅਤੇ ਉਸ ਵਿਚ ਜਾਂਚ ਦੌਰਾਨ ਇਕੱਠੇ ਕੀਤੇ ਸਾਰੇ ਸਬੂਤ ਅਤੇ ਤੱਥ, ਮੀਮੋ ਵਿਚ ਗਵਾਹਾਂ ਦੇ ਸਾਰੇ ਵੇਰਵੇ ਸ਼ਾਮਲ ਹਨ ਅਤੇ ਕੋਰਟ ਵਿਚ ਸ਼ਿਕਾਇਤ ਦਾਇਰ ਕਰਨ ਦੇ ਸਮੇਂ ਸਾਰੇ ਅਸਲ ਦਸਤਾਵੇਜ਼ ਉਸ ਨਾਲ ਨੱਥੀ ਹਨ?

## ਜ਼ਬਤ ਕੀਤੀਆਂ ਨਸ਼ੀਲੀਆਂ ਦਵਾਈਆਂ ਦਾ ਮੁਕੱਦਮੇ ਤੋਂ ਪਹਿਲਾਂ (ਪ੍ਰੀ-ਟ੍ਰਾਇਲ) ਨਿਪਟਾਰਾ

44. ਐੱਨ ਡੀ ਪੀ ਐੱਸ ਐਕਟ ਦੀ ਧਾਰਾ 52 ਏ ਅਧੀਨ ਮੈਜਿਸਟ੍ਰੇਟ ਦੇ ਸਾਹਮਣੇ ਸਮਾਨ ਦੇ ਪ੍ਰੀ-ਟ੍ਰਾਇਲ (ਮਕੁੱਦਮੇ ਤੋਂ ਪਹਿਲਾਂ) ਨਿਪਟਾਰੇ ਲਈ ਬਿਨੈ-ਪੱਤਰ ਦਿੱਤਾ ਗਿਆ? (ਨੋਟੀਫਿਕੇਸ਼ਨ ਨੰ ਜੀ.ਐੱਸ ਆਰ 339 (ਈ) ਮਿਤੀ 10-5-2007)

45. ਕੀ ਮੈਜਿਸਟ੍ਰੇਟ ਨੇ ਮੁਕੱਦਮੇ ਤੋਂ ਪਹਿਲਾਂ ਨਿਪਟਾਰੇ ਦੇ ਬਿਨੈ-ਪੱਤਰ ਉਤੇ ਫੈਸਲਾ ਲਿਆ? ਜੇਕਰ ਹਾਂ ਤਾਂ ਕੀ ਜਾਂਚ ਅਧਿਕਾਰੀ (ਡੀ ਐਲ ਈ ਓ) ਨੇ ਪ੍ਰਕ੍ਰਿਆ ਦਾ ਆਰੰਭ ਇਸ ਸਬੰਧੀ ਡਰੱਗ ਨਿਪਟਾਰਾ ਕਮੇਟੀ ਨੂੰ ਸੂਚਨਾ ਦੇ ਕੇ ਕੀਤਾ?

(ਮਿਤੀ 10-5-2007 ਦੀ ਨੋਟੀਫਿਕੇਸ਼ਨ ਨੰ. ਜੀ ਐੱਸ ਆਰ 339 (ਈ) ਵਿਚ ਨਿਰਧਾਰਤ ਮੁਕੱਦਮੇ ਤੋਂ ਪਹਿਲਾਂ ਨਿਪਟਾਰਾ ਵਿਧੀਆਂ)

## ਮੁਕੱਦਮਾ

46. ਕੀ ਮੁਕੱਦਮੇ ਦੀ ਪ੍ਰਗਤੀ ਸੰਤੋਖਜਨਕ ਹੈ? ਜੇਕਰ ਨਹੀਂ ਤਾਂ ਕੀ ਐੱਸ ਪੀ ਪੀ/ਵਿਭਾਗੀ ਕਾਊਂਸਲ ਨਾਲ ਸਲਾਹ ਕੀਤੀ ਗਈ ਅਤੇ ਦੇਰੀ ਦੇ ਕਾਰਣਾਂ ਨਾਲ ਨਜਿੱਠਣ ਲਈ ਕਦਮ ਚੁੱਕੇ ਗਏ?

47. ਕੀ ਐੱਸ ਡੀ ਪੀ ਐੱਸ ਐਕਟ ਦੀ ਧਾਰਾ 63 ਦੇ ਨਾਲ ਪੜ੍ਹੀ ਜਾਣ ਵਾਲੀ ਧਾਰਾ 60/61/62 ਤਹਿਤ ਸਜ਼ਾ (ਜਾਂ ਰਿਹਾਈ) ਅਤੇ ਵਸਤਾਂ ਦੀ ਜ਼ਬਤੀ ਸਬੰਧੀ ਅਦਾਲਤੀ ਹੁਕਮ ਇਸ ਕੇਸ ਵਿਚ ਪਾਸ ਕੀਤਾ ਗਿਆ ਸੀ?

48. ਕੋਰਟ ਵੱਲੋਂ ਨਸ਼ੀਲੀਆਂ ਦਵਾਈਆਂ (ਡਰੱਗਜ਼) ਅਤੇ ਹੋਰ ਵਸਤੂਆਂ ਦੀ ਜ਼ਬਤੀ ਦੇ ਆਦੇਸ਼ ਦੇ ਮਾਮਲੇ ਵਿਚ ਕੀ ਜ਼ਬਤ ਕੀਤੀਆਂ ਨਸ਼ੀਲੀਆਂ ਦਵਾਈਆਂ /ਵਸਤੂਆਂ ਦੇ ਨਿਪਟਾਰੇ ਦੀ ਪ੍ਰਕ੍ਰਿਆ ਆਰੰਭ ਕੀਤੀ ਗਈ? ਕੀ ਮਿਤੀ 11-4-88 ਦੇ ਐੱਨ ਸੀ ਬੀ ਐੱਸ ਓ ਨੰ. 2/88 ਵਿਚ ਨਿਸ਼ਚਿਤ ਕੀਤੀਆਂ ਗਈਆਂ ਪ੍ਰਕ੍ਰਿਆਵਾਂ ਦਾ ਅਨੁਸਰਣ ਕੀਤਾ ਜਾ ਰਿਹਾ ਹੈ?

49. ਕੀ ਰਿਹਾਈ ਦੇ ਮਾਮਲੇ ਵਿਚ ਜਾਂ ਸਜ਼ਾ ਦੇ ਮਾਮਲੇ ਵਿਚ ਥੋੜ੍ਹੀ ਸਜ਼ਾ ਹੋਣ ਤੇ ਫੈਸਲੇ ਦੇ ਆਦੇਸ਼ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ ਉੱਚ ਅਧਿਕਾਰੀਆਂ ਅਤੇ ਕਾਨੂੰਨੀ ਅਫ਼ਸਰਾਂ ਨਾਲ ਕੇਸ ਵਿਚ ਅਪੀਲ ਦਾਇਰ ਕਰਨ ਲਈ ਸਲਾਹ-ਮਸ਼ਵਰਾ ਕੀਤਾ ਗਿਆ?

## ਸੂਚਨਾ (ਇਤਲਾਹ) ਦੇਣ ਵਾਲਿਆਂ ਅਤੇ ਅਫ਼ਸਰਾਂ ਨੂੰ ਪੁਰਸਕਾਰ

50. ਕੀ ਅਫ਼ਸਰਾਂ ਅਤੇ /ਜਾਂ ਸੂਚਨਾ ਦੇਣ ਵਾਲਿਆਂ ਨੂੰ ਪੁਰਸਕਾਰ ਦੇਣ ਲਈ ਕੇਸ ਸਬੰਧੀ ਕਾਰਵਾਈ ਕੀਤੀ ਗਈ? ਨਸ਼ੀਲੀਆਂ ਦਵਾਈਆਂ ਵਾਲੇ ਮਾਮਲਿਆਂ ਵਿਚ ਸ਼ਿਕਾਇਤ ਦਾਇਰ ਕਰਨ ਅਤੇ ਵਿੱਤੀ ਜਾਂਚ ਪੜਤਾਲ ਕਰਨ ਤੋਂ ਬਾਅਦ ਸਮਰੱਥ ਅਥਾਰਟੀ ਦੇ ਸਾਹਮਣੇ ਇਕ ਸਮੇਂ ਦੇ ਅੰਤਿਮ ਪੁਰਸਕਾਰ ਦੀ ਤਜ਼ਵੀਜ਼ ਰੱਖੀ ਜਾ ਸਕਦੀ ਹੈ।

# ਅਧਿਆਇ - 2

## ਖੁਫੀਆ ਸੂਚਨਾ ਅਤੇ ਸੂਚਨਾ ਇਕੱਠੀ ਕਰਨਾ ਅਤੇ ਪ੍ਰਬੰਧਨ

ਐੱਨ ਡੀ ਪੀ ਐੱਸ ਐਕਟ ਦੇ ਮੁੱਖ ਮੰਤਵਾਂ ਵਿਚੋਂ ਇਕ ਮੰਤਵ ਐਨ ਡੀ ਪੀ ਐੱਸ ਅਤੇ ਸੀ ਐੱਸ ਨਾਲ ਸਬੰਧਤ ਕਾਰਵਾਈਆਂ ਦੇ ਨਿਯੰਤ੍ਰਣ ਅਤੇ ਨਿਯਮਤ ਕਰਨ ਲਈ ਸਖ਼ਤ ਉਪਬੰਧ ਬਣਾਉਣਾ ਹੈ। ਇਹ ਉਪਬੰਧ ਸਜ਼ਾ ਜਾਂ ਜੁਰਮਾਨੇ ਦੀਆਂ ਸਖਤ ਸ਼ਰਤਾਂ ਨੂੰ ਦਰਸਾਉਂਦਾ ਹੈ। ਕਾਨੂੰਨ ਨਸ਼ੀਲੀਆਂ ਦਵਾਈਆਂ ਦੇ ਤਸਕਰਾਂ ਲਈ ਇਸ ਦੇ (ਨਸ਼ੀਲੀਆਂ ਦਵਾਈਆਂ) ਵਪਾਰ ਨੂੰ ਬਹੁਤ ਹੀ ਜ਼ੋਖਮ ਭਰਿਆ ਬਣਾਉਣਾ ਚਾਹੁੰਦਾ ਹੈ ਜਿਸ (ਤਸਕਰਾਂ) ਦੀ ਕੁਦਰਤੀ ਪ੍ਰਤੀਕ੍ਰਿਆ ਇਸ ਕਾਰਵਾਈ ਨੂੰ ਬਹੁਤ ਹੀ ਗੁਪਤ ਢੰਗ ਨਾਲ ਕਰਨਾ ਹੁੰਦਾ ਹੈ ਤਾਂ ਜੋ ਭਾਲ ਕਰਨਾ ਅਤੇ ਬਾਅਦ ਦੀ ਜਾਂਚ-ਪੜਤਾਲ ਕਰਨੀ ਔਖੀ ਹੋ ਜਾਵੇ। ਸਭ ਕੁਝ ਯੋਜਨਾ ਮੁਤਾਬਕ ਹੋਣ ਨੂੰ ਯਕੀਨੀ ਬਣਾਉਣ ਲਈ, ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਇਤਲਾਹ ਬਹੁਤ ਹੀ ਸਾਵਧਾਨੀ ਨਾਲ ਇਕੱਠੀ ਕਰਨੀ ਚਾਹੀਦੀ ਹੈ।

**ਸੁਰਾਗ ਦੀ ਭਾਲ ਕਰੋ :** ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਇਹ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਉਹ ਆਪਣੇ ਅਧਿਕਾਰਾਂ ਦੀ ਵਰਤੋਂ ਕੇਵਲ ਉਦੋਂ ਕਰ ਸਕਦਾ ਹੈ ਜਦੋਂ ਉਸ ਕੋਲ ਇਹ ਵਿਸ਼ਵਾਸ਼ ਕਰਨ ਦਾ ਕਾਰਣ ਹੈ ਕਿ ਅਪਰਾਧ ਕੀਤਾ ਗਿਆ ਹੈ। ਅਜਿਹਾ ਕਾਰਣ (ਆਧਾਰ) ਜਾਂ ਤਾਂ ਉਸ ਦੀ ਨਿੱਜੀ ਜਾਣਕਾਰੀ ਜਾਂ ਦੂਜੇ ਸ੍ਰੋਤਾਂ ਰਾਹੀਂ ਇਕੱਠੀ ਕੀਤੀ ਸੂਚਨਾ ਤੋਂ ਪ੍ਰਾਪਤ ਹੁੰਦਾ ਹੈ। ਇਹ ਸ੍ਰੋਤ ਦੂਸਰੇ ਸਬੰਧਤ ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਉਨ੍ਹਾਂ ਦੇ ਰਿਕਾਰਡ ਜਾਂ ਵਿਸ਼ੇਸ਼ ਸੂਚਨਾ ਹੋ ਸਕਦੀ ਹੈ ਜੋ ਕਿ ਗੁਪਤ ਇਤਲਾਹਕਾਰਾਂ ਨੇ ਮੁਹੱਈਆ ਕੀਤੀ ਹੋਵੇ ਜਾਂ ਸੰਦੇਹਜਨਕ ਵਿਅਕਤੀਆਂ ਦੀ ਇਲੈਕਟ੍ਰਾਨਿਕ ਅਤੇ ਨਿੱਜੀ ਨਿਗਰਾਨੀ ਰਾਹੀਂ ਇਕੱਠੀ ਕੀਤੀ ਗਈ ਹੋਵੇ। ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਜਾਂਚ ਅਧਿਕਾਰੀ (ਡੀ ਐਲ ਈ ਓ), ਐਨ ਡੀ ਪੀ ਐੱਸ ਐਕਟ ਦੀ ਵੱਡੀਆਂ ਉਲੰਘਣਾਵਾਂ ਅਤੇ ਉਲੰਘਣਾ ਕਰਨ ਵਾਲਿਆਂ ਦੇ ਸੁਰਾਗ ਪ੍ਰਤੀ ਹਮੇਸ਼ਾ ਹੀ ਸੁਚੇਤ ਰਹੇ। ਸੰਦੇਹਜਨਕ ਵਿਅਕਤੀ ਜਾਂ ਸਥਾਨ ਦੀ ਪਛਾਣ ਕਰਨ ਅਤੇ ਉਸ ਨੂੰ ਨਿਸ਼ਾਨਾ

ਬਣਾਉਣ ਵਿਚ ਪਿਛਲੇ ਅਪਰਾਧ ਜਾਂ ਨਾਲ ਦੇ ਦੂਜੇ ਅਪਰਾਧ ਤੋਂ ਕੋਈ ਸੁਰਾਗ ਜਾਂ ਸੂਹ ਲਾਭਦਾਇਕ ਹੋ ਸਕਦੀ ਹੈ।

**ਹੋਰ ਸ੍ਰੋਤ :** ਸੁਰਾਗ ਕਿਧਰੇ ਵੀ ਅਤੇ ਹਰ ਕਿਥੇ ਹੋ ਸਕਦਾ ਹੈ। ਕਸਟਮ ਅਫ਼ਸਰ ਸੋਨੇ ਦੀ ਤਸਕਰੀ ਦਾ ਕੇਸ ਸੁਲਝਾਉਣ (Detect) ਦੌਰਾਨ, ਸਰਹੱਦ ਪਾਰ ਕਰਨ ਵਾਲੇ ਨੂੰ ਗ੍ਰਿਫਤਾਰ ਕਰ ਸਕਦਾ ਹੈ ਜਿਹੜਾ ਕਿ ਨਸ਼ੀਲੀਆਂ ਦਵਾਈਆਂ ਨੂੰ ਲੈ ਕੇ ਆਉਣ ਤੇ ਲਿਜਾਉਣ ਵਿਚ ਵੀ ਸ਼ਾਮਲ ਹੈ, ਜਾਂ ਸੈਂਟਰਲ ਆਬਕਾਰੀ ਅਥਾਰਟੀਆਂ ਵੱਲੋਂ ਫੜੀ ਗਈ ਕੰਪਨੀ ਜਿਸ ਨੇ ਘੱਟ ਉਤਪਾਦਨ ਦੀ ਰਿਪੋਟ ਕਰਕੇ ਅਤੇ ਸਮਾਨ ਨੂੰ ਚੋਰੀ ਤੋਂ (ਛੁਪਾ ਕੇ) ਹਟਾ ਕੇ ਕਰ ਤੋਂ ਬਚਣ ਦਾ ਯਤਨ ਕੀਤਾ; ਜਾਂ ਇਨਕਮ ਟੈਕਸ ਅਫ਼ਸਰ ਜੋ ਕਿ ਕਿਸੇ ਵਿਅਕਤੀ ਜਾਂ ਉਦਯੋਗਪਤੀ ਤੋਂ ਬੇਹਿਸਾਬੀ ਆਮਦਨ ਦਾ ਪਤਾ ਕਰ ਰਿਹਾ ਹੈ; ਜਾਂ ਪੁਲਿਸ ਅਫ਼ਸਰ ਜਿਹੜਾ ਕਿ ਸਥਾਨਕ ਚੋਰ ਜਾਂ ਜੇਬ ਕਤਰੇ ਨੂੰ ਪਕੜ ਰਿਹਾ ਹੈ, ਸੂਚਨਾ (ਇਤਲਾਹ) ਦਾ ਵਧੀਆ ਸਾਧਨ ਹੋ ਸਕਦਾ ਹੈ। ਦੂਜੇ ਸਾਧਨ ਜਿਵੇਂ ਕਿ ਅਖ਼ਬਾਰ, ਕਿਤਾਬਾਂ ਅਤੇ ਹੋਰ ਪ੍ਰਕਾਸ਼ਨਾਵਾਂ ਅਤੇ ਹੋਰ ਸਰਕਾਰੀ ਏਜੰਸੀਆਂ ਜਾਂ ਨਿੱਜੀ ਸੰਸਥਾਵਾਂ/ਗੈਰ ਸਰਕਾਰੀ ਸੰਸਥਾਵਾਂ ਤੋਂ ਡਾਟਾ ਵੀ ਵਧੀਆ ਅਰੰਭਕ ਇਨਪੁਟ (ਸੂਚਨਾ) ਮੁਹੱਈਆ ਕਰ ਸਕਦੇ ਹਨ।

**ਪ੍ਰਕ੍ਰਿਆਵਾਂ ਦਾ ਅਨੁਸਰਣ ਕਰੋ :** ਇਹ ਜ਼ਰੂਰੀ ਹੈ ਕਿ ਜਾਂਚ ਅਧਿਕਾਰੀ (ਡੀ ਐਲ ਈ ਓ) ਸੂਚਨਾ (ਖੁਫੀਆ) ਰਿਪੋਟ ਦੇ ਰੂਪ ਵਿਚ ਸੂਚਨਾ ਦੇ ਸਾਰ ਦਾ ਰਿਕਾਰਡ ਰੱਖੇ। ਇਸ ਵਿਚ ਸਾਰੇ ਵੇਰਵੇ ਜਿਵੇਂ ਸਬੰਧਤ ਐਨ ਡੀ, ਪੀ ਐੱਸ ਜਾਂ ਸੀ ਐੱਸ ਦੀ ਕਿਸਮ, ਵਿਅਕਤੀ, ਸਥਾਨ, ਵਾਹਨ ਆਦਿ ਅਤੇ ਨਾਲ ਹੀ ਕੰਮ ਕਰਨ ਦਾ ਤਰੀਕਾ ਵੀ ਸ਼ਾਮਲ ਹੋਵੇ ਅਤੇ ਇਸ ਨੂੰ ਸਮੇਂ ਸਮੇਂ ਤੇ ਆਪਣੇ ਉੱਚ ਅਧਿਕਾਰੀ ਦੇ ਧਿਆਨ ਵਿਚ ਲਿਆਵੇ। ਇਸ ਦੇ ਨਾਲ ਟੀਮ ਨੂੰ ਸਹੀ ਸਮੇਂ ਤੇ ਕਾਰਵਾਈ ਕਰਨ ਦੀ ਯੋਜਨਾ ਬਣਾ ਕੇ ਅਪਰਾਧੀਆਂ ਨੂੰ ਰਸਤੇ ਵਿਚ ਹੀ ਰੰਗੇ ਹੱਥੀ ਅਤੇ ਇਲਜ਼ਾਮ ਲਗਾਉਣ ਵਾਲੇ ਸਬੂਤਾਂ ਨਾਲ ਪਕੜਨ ਵਿਚ ਸਹਾਇਤਾ ਪ੍ਰਾਪਤ ਹੋ ਸਕਦੀ ਹੈ।

**ਸੂਚਨਾ ਨਾਲ ਨਜਿੱਠਣਾ :** ਜੇਕਰ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਕਿਸੇ ਵਿਅਕਤੀ ਤੋਂ ਸੂਚਨਾ ਪ੍ਰਾਪਤ ਹੁੰਦੀ ਹੈ ਤਾਂ ਉਸ

ਨੂੰ ਇਹ ਲਿਖਤੀ ਰੂਪ ਵਿਚ, ਸੂਚਨਾ ਦੇਣ ਵਾਲੇ ਦੀ ਹੱਥ ਲਿਖਤ ਵਿਚ ਹੀ ਉਸ ਦੇ ਉਚਿਤ ਹਸਤਾਖ਼ਰਾਂ ਨਾਲ ਜਾਂ ਉਸ ਦੇ ਖੱਬੇ ਅੰਗੂਠੇ ਦਾ ਨਿਸ਼ਾਨ ਲੈ ਕੇ, ਰਿਕਾਰਡ ਵਿਚ ਰੱਖ ਲੈਣਾ ਚਾਹੀਦਾ ਹੈ। ਅਫ਼ਸਰ ਨੂੰ ਫਿਰ ਇਹ ਅੰਕਿਤ ਕਰਨ ਤੋਂ ਬਾਅਦ ਕਿ "ਮੇਰੇ ਵੱਲੋਂ ਰਿਕਾਰਡ ਕੀਤਾ ਗਿਆ", ਇਸ ਰਿਕਾਰਡ ਕੀਤੀ ਸੂਚਨਾ ਉੱਪਰ ਆਪਣੇ ਹਸਤਾਖ਼ਰ, ਅਹੁਦਾ ਅਤੇ ਰਿਕਾਰਡ ਕਰਨ ਦੀ ਮਿਤੀ ਅਤੇ ਸਮਾਂ ਪਾ ਕੇ ਮੁਹਰਬੰਦ (ਸੀਲ) ਕਰ ਦੇਣੀ ਚਾਹੀਦੀ ਹੈ। ਇਸ ਤੋਂ ਅਗਲੇ ਕਦਮ ਵਿਚ "ਐਨ ਸੀ ਬੀ-1" ਫਾਰਮੈਟ ਵਿਚ ਸੂਚਨਾ ਦੇ ਸਾਰ ਸਮੇਤ ਹੋਰ ਐਂਟਰੀਆਂ ਭਰਨਾ ਅਤੇ ਇਸ ਨੂੰ ਜੇਕਰ ਸੰਭਵ ਹੋਵੇ ਤਾਂ ਤੁਰੰਤ ਜਾਂ ਅਜਿਹਾ ਰਿਕਾਰਡ ਕਰਨ ਦੇ 72 ਘੰਟਿਆਂ ਦੇ ਅੰਦਰ ਆਪਣੇ ਉੱਚ ਅਧਿਕਾਰੀ ਨੂੰ ਭੇਜਣਾ ਹੈ। ਇਹ ਜ਼ਰੂਰ ਨੋਟ ਕਰੋ ਕਿ ਇਹ ਐਨ ਡੀ ਪੀ ਐੱਸ ਐਕਟ ਦੀ ਧਾਰਾ 42 (2) ਅਧੀਨ ਪ੍ਰਕ੍ਰਿਆ ਦੀ ਸੰਵਿਧਾਨਕ ਜ਼ਰੂਰਤ ਹੈ ਅਤੇ ਇਸ ਦੀ ਪਾਲਣਾ ਕਰਨਾ ਜ਼ਰੂਰੀ ਹੈ। ਸੂਚਨਾ ਨੂੰ ਲਾਜ਼ਮੀ ਰਿਕਾਰਡ ਕਰਨਾ ਅਤੇ ਇਸ ਦੀ ਸੂਚਨਾ ਉੱਚ ਅਧਿਕਾਰੀ ਨੂੰ ਦੇਣ ਪਿੱਛੇ ਕਾਰਨ ਇਹ ਹੈ ਕਿ ਬਿਨਾ ਕਿਸੇ ਸੰਤੋਖਜਨਕ ਕਾਰਣ ਤੋਂ ਆਮ ਜਨਤਾ ਨੂੰ ਪਰੇਸ਼ਾਨੀ ਤੋਂ ਬਚਾਇਆ ਜਾ ਸਕੇ। ਇਹ ਅਫ਼ਸਰ ਨੂੰ ਤੱਥਾਂ ਨੂੰ ਧਿਆਨ ਨਾਲ ਵੇਖਣ ਦਾ ਅਤੇ ਪ੍ਰਾਪਤ ਸੂਚਨਾ ਦੇ ਅਧਾਰ ਤੇ ਜਿਵੇਂ ਕਿ ਉਹ ਉਚਿਤ ਸਮਝੇ, ਕਾਰਵਾਈ ਕਰਨ ਦਾ ਮੌਕਾ ਵੀ ਦਿੰਦਾ ਹੈ।

**ਇਤਲਾਹਕਾਰ ਦੀ ਸੁਰੱਖਿਆ:** ਇਹ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕਾਨੂੰਨ ਇਤਲਾਹਕਾਰ ਦੀ ਸੁਰੱਖਿਆ ਦਾ ਪੂਰਾ ਖਿਆਲ ਰੱਖਦਾ ਹੈ ਅਤੇ ਐਮ ਡੀ ਪੀ ਐੱਸ ਐਕਟ ਦੀ ਧਾਰਾ 68 ਅਨੁਸਾਰ ਕਿਸੇ ਵੀ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਇਹ ਦੱਸਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਕਿ ਉਸ ਨੂੰ ਅਪਰਾਧ ਸਬੰਧੀ ਸੂਚਨਾ ਕਿਥੋਂ ਪ੍ਰਾਪਤ ਹੋਈ।

**ਗਲਤ ਸੂਚਨਾ ਲਈ ਸਜ਼ਾ :** ਆਮ ਜਨਤਾ ਲਈ ਐਕਟ ਵਿਚ ਧਾਰਾ 58 (2) ਅਧੀਨ ਮੁਹੱਈਆ ਕੀਤੇ ਸੁਰੱਖਿਆ ਕਦਮ ਅਨੁਸਾਰ ਜਾਣ-ਬੁੱਝ ਕੇ ਅਤੇ ਮੰਦ ਭਾਵਨਾ ਨਾਲ ਗਲਤ (ਝੂਠੀ) ਇਤਲਾਹ ਦੇਣਾ, ਜਿਸ ਕਾਰਣ ਤਲਾਸ਼ੀ ਜਾਂ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ, ਇਕ ਸਜ਼ਾਯੋਗ ਅਪਰਾਧ ਹੈ ਅਤੇ ਇਹ ਸਜ਼ਾ ਦੋ ਸਾਲ ਦੀ ਜਾਂ ਜੁਰਮਾਨਾ ਜਾਂ ਦੋਵੇਂ ਹੀ ਹੋ ਸਕਦੇ ਹਨ।

# ਅਧਿਆਇ- 3

## ਕਾਰਵਾਈ : ਤਿਆਰੀ, ਤਾਲਮੇਲ ਅਤੇ ਯੋਜਨਾਬੰਦੀ

ਇਕ ਵਾਰ ਜੇਕਰ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਆਪਣੇ ਸ੍ਰੋਤਾਂ ਤੋਂ ਮਿਲੀ ਸੂਚਨਾ ਤੇ ਭਰੋਸਾ ਹੈ ਤਾਂ ਉਸ ਦਾ ਅਗਲਾ ਕਦਮ ਨਸ਼ੀਲੀਆਂ ਦਵਾਈਆਂ, ਨਸ਼ੀਲੀਆਂ ਦਵਾਈਆਂ ਨਾਲ ਸਬੰਧਤ ਸੰਪਦਾ ਅਤੇ ਹੋਰ ਸਬੰਧਤ ਵਸਤੂਆਂ ਨੂੰ ਤਲਾਸ਼ ਅਤੇ ਜ਼ਬਤ ਕਰਨ ਜਾਂ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਦੇ ਮੰਤਵ ਨਾਲ ਕਾਰਵਾਈ ਕਰਨਾ ਹੋਵੇਗਾ। ਪਰ, ਕਰਨਾ ਔਖਾ ਅਤੇ ਕਹਿਣਾ ਸੌਖਾ ਹੈ। ਨਸ਼ੀਲੀਆਂ ਦਵਾਈਆਂ ਦੇ ਧੰਦੇ ਵਿਚ ਖਤਰੇ ਅਤੇ ਜ਼ੋਖਮ ਬਹੁਤ ਜ਼ਿਆਦਾ ਹਨ। ਨਸ਼ਿਆਂ ਦਾ ਧੰਦਾ ਕਰਨ ਵਾਲਾ (ਡੀ ਟੀ ਓ) ਬਹੁਤ ਧਨ ਕਮਾ ਸਕਦਾ ਹੈ ਜੇਕਰ ਉਹ ਆਪਣੇ ਗੈਰ ਕਾਨੂੰਨੀ ਕੰਮ ਵਿਚ ਸਫਲ ਹੋ ਜਾਂਦਾ ਹੈ ਪਰ ਜੇਕਰ ਉਹ ਇਸ ਵਿਚ ਅਸਫਲ ਹੁੰਦਾ ਹੈ ਤਾਂ ਉਸ ਨੂੰ ਨਾ ਕੇਵਲ ਧਨ ਦਾ ਨੁਕਸਾਨ ਹੁੰਦਾ ਹੈ ਬਲਕਿ ਉਹ ਆਪਣੀ ਆਜ਼ਾਦੀ, ਆਪਣੇ ਪਿਛਲੇ ਕਮਾਏ ਲਾਭ, ਆਪਣੀ ਨੇਕਨਾਮੀ ਅਤੇ ਸਮਾਜਕ ਰੁਤਬੇ ਨੂੰ ਵੀ ਗਵਾ ਦਿੰਦਾ ਹੈ। ਇਸ ਲਈ ਇਸ ਗੱਲ ਵਿਚ ਕੋਈ ਹੈਰਾਨੀ ਨਹੀਂ ਕਿ ਉਹ ਆਪਣਾ ਕੰਮ ਬਹੁਤ ਹੀ ਗੁਪਤ ਢੰਗ ਨਾਲ ਕਰਦਾ ਹੈ। ਉਹ ਅਤੇ ਉਸ ਦੇ ਸਾਥੀ ਜਾਂਚ ਅਧਿਕਾਰੀ (ਡੀ ਐਲ ਈ ਓ) ਵੱਲੋਂ ਉਨ੍ਹਾਂ ਬਾਰੇ ਪਤਾ ਲਗਣ ਅਤੇ ਫੜੇ ਜਾਣ ਤੇ ਬੜੇ ਹਿੰਸਕ ਹੋ ਸਕਦੇ ਹਨ। ਇਸ ਦੇ ਨਾਲ ਹੀ ਜਾਂਚ ਅਧਿਕਾਰੀ (ਡੀ ਐਲ ਈ ਓ) ਆਪਣੀ ਪਛਾਣ ਦੇ ਸਾਹਮਣੇ ਆਉਣ ਨੂੰ ਜ਼ੋਖਮ ਵਿਚ ਪਾਉਂਦਾ ਹੈ ਅਤੇ ਇਸ ਦੇ ਨਾਲ ਹੀ ਅਸਫਲ ਕਾਰਵਾਈ, ਗਲਤ ਜਾਂ ਅਧੂਰੀ ਸੂਚਨਾ, ਸੁਰੱਖਿਆ ਮੁੱਦਿਆਂ ਅਤੇ ਇਸ ਤਰ੍ਹਾਂ ਦੇ ਹੋਰ ਮੁੱਦਿਆਂ ਦਾ ਵੀ ਜ਼ੋਖਮ ਚੁੱਕਦਾ ਹੈ।

**ਸੂਚਨਾ ਦੀ ਪੁਸ਼ਟੀ ਕਰੋ :** - ਜੇਕਰ ਅਪਰਾਧ ਦੀ ਭਾਲ ਰੋਜ਼ਾਨਾ ਨਾਕਾਬੰਦੀ ਦੌਰਾਨ ਜਾਂ ਨਸ਼ੀਲੀਆਂ ਦਵਾਈਆਂ ਨੂੰ ਲਿਜਾਉਣ ਵਾਲੇ ਪ੍ਰਚੱਲਤ ਰਸਤਿਆਂ ਵਾਲਾ ਨਹੀਂ ਹੈ ਤਾਂ ਇਹ ਜਾਂਚ ਅਧਿਕਾਰੀ (ਡੀ ਐਲ ਈ ਓ) ਲਈ ਬਹੁਤ ਮਹੱਤਵਪੂਰਨ ਹੈ ਕਿ ਉਸ ਸੂਚਨਾ ਦੀ ਨਿੱਜੀ ਤੌਰ ਤੇ ਜਾਂ ਤਾਲਮੇਲ ਰਾਹੀਂ ਅਤੇ ਹੋਰ ਅਫ਼ਸਰਾਂ ਦੇ ਸਹਿਯੋਗ ਰਾਹੀਂ ਜਾਂ ਹੋਰ ਏਜੰਸੀਆਂ ਰਾਹੀਂ ਪੁਸ਼ਟੀ ਕਰੇ। ਕਿਸੇ ਵੀ ਬੇਕਸੂਰ

ਵਿਅਕਤੀ ਬਾਰੇ ਗਲਤ ਸੂਚਨਾ ਦੇ ਅਧਾਰ ਤੇ ਅਸਫਲ ਕਾਰਵਾਈ ਜਾਂ ਕੋਈ ਜ਼ਬਤੀ (ਪ੍ਰਾਪਤੀ) ਨਾ ਹੋਣ ਤੇ ਇਸ ਦਾ ਪ੍ਰਤੀਕੂਲ ਪ੍ਰਭਾਵ ਭਵਿੱਖ ਦੇ ਕਾਰਵਾਈ ਸਬੰਧੀ ਨਤੀਜਿਆਂ ਉਤੇ ਭਾਵੇਂ ਨਾ ਪਵੇ। ਪਰ, ਸਹੀ ਸੂਚਨਾ ਦੇ ਅਧਾਰ ਤੇ ਕੀਤੀ ਗਈ ਅਸਫਲ ਕਾਰਵਾਈ, ਜਿਸ ਵਿਚ ਡੀ ਟੀ ਓ ਸ਼ਾਮਲ ਹੋਵੇ, ਦਾ ਨਤੀਜਾ ਡੀ ਟੀ ਓ ਅਤੇ ਉਸ ਦੇ ਸਾਥੀਆਂ ਨੂੰ ਸੁਚੇਤ ਕਰ ਸਕਦਾ ਹੈ ਜਿਹੜਾ ਕਿ ਆਪਣੇ ਕੰਮ ਕਰਨ ਦੇ ਢੰਗਾਂ (ਐੱਮ ਓ) ਆਪਣੇ ਕੰਮ ਕਰਨ ਦੇ ਅੱਡਿਆਂ (ਸਥਾਨਾਂ) ਨੂੰ ਬਦਲਣ ਲਈ ਸੁਚੇਤ ਕਰ ਸਕਦਾ ਹੈ ਜਿਸ ਨਾਲ ਉਹ ਕਾਨੂੰਨ ਦੇ ਸ਼ਿਕੰਜੇ ਤੋਂ ਅਗਲੇ ਕਈ ਸਾਲਾਂ ਤੱਕ ਬਚਣ ਦੇ ਸਮਰੱਥ ਹੋ ਸਕਦੇ ਹਨ।

**4 ਡਬਲਿਊਜ਼ (Ws) ਅਤੇ 1 ਐੱਚ (H):** ਕਾਰਵਾਈ ਆਰੰਭ ਕਰਨ ਤੋਂ ਪਹਿਲਾਂ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਸਾਰੇ ਸੰਭਵ ਡਬਲਿਊਜ਼ ਜਿਸ ਵਿਚ ਕੌਣ (ਪ੍ਰਮੁੱਖ ਵਿਅਕਤੀ, ਵਾਹਣ (ਟ੍ਰਾਂਸਪੋਰਟ) ਕਿੱਥੇ (ਸੰਦੇਹਜਨਕ ਸਥਾਨ, ਮਿਲਣ ਦੇ ਸਥਾਨ, ਡੀਲਿੰਗ ਸਥਾਨ), ਕਿਉਂ (ਕਿਸੇ ਵਿਸ਼ੇਸ਼ ਸਥਾਨ, ਵਾਹਣ ਆਦਿ ਨੂੰ ਚੁਣਨ ਲਈ ਕਾਰਣ), ਕੀ ਜੇਕਰ (ਡੀ ਟੀ ਓ ਨੂੰ ਉਪਲੱਬਧ ਵਿਕਲਪ) ਅਤੇ ਕਿਵੇਂ (ਵਾਹਣ, ਰਸਤਾ, ਛੁਪਾਉਣ ਦੇ ਢੰਗ ਆਦਿ), ਸ਼ਾਮਲ ਹਨ, ਦੀ ਪੁਸ਼ਟੀ ਕਰਨੀ ਚਾਹੀਦੀ ਹੈ (ਕੌਣ, ਕਿੱਥੇ, ਕਿਉਂ, ਜੇਕਰ, ਤੇ ਕਿਵੇਂ) ਹਮੇਸ਼ਾਂ ਯਾਦ ਰੱਖੋ ਹਮੇਸ਼ਾਂ ਯੋਜਨਾ 'ਬੀ' ਤਿਆਰ ਰੱਖੋ ਜੇਕਰ ਪਹਿਲਾਂ ਯੋਜਨਾ ਅਨੁਸਾਰ ਕੰਮ ਨਹੀਂ ਹੁੰਦਾ।

**ਕਾਰਵਾਈ ਦੀ ਯੋਜਨਾ ਬਣਾਉਣਾ :-** ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਆਪਣੇ ਟੀਮ ਦੇ ਮੈਂਬਰਾਂ ਅਤੇ ਉੱਚ ਅਧਿਕਾਰੀਆਂ ਨਾਲ ਸਲਾਹ-ਮਸ਼ਵਰਾ ਕਰਕੇ ਕਾਰਵਾਈ ਦੀ ਯੋਜਨਾ ਬਣਾਉਣੀ ਚਾਹੀਦੀ ਹੈ। ਕਿਸੇ ਵੀ ਮੈਂਬਰ ਦੀ ਸ਼ਮੂਲੀਅਤ ਜਾਣਕਾਰੀ ਦੀ ਲੋੜ (need to know) ਦੇ ਅਧਾਰ ਤੇ ਹੋ ਸਕਦੀ ਹੈ। ਉਹ ਹਮੇਸ਼ਾ ਦੂਜੀ ਏਜੰਸੀਆਂ ਤੋਂ ਲੋੜੀਂਦੀ ਸਹਾਇਤਾ ਪ੍ਰਾਪਤ ਕਰ ਸਕਦਾ ਹੈ। ਅਸਲ ਵਿਚ, ਜਾਂਚ ਅਧਿਕਾਰੀ (ਡੀ ਐਲ ਈ ਓ), ਐਨ ਡੀ ਪੀ ਐੱਸ ਐਕਟ ਦੀ ਧਾਰਾ 56 ਅਧੀਨ ਐਨ ਡੀ ਪੀ ਐੱਸ ਐਕਟ ਦੀ ਧਾਰਾ 42 ਵਿਚ ਦਰਜ ਸਾਰੀਆਂ ਏਜੰਸੀਆਂ ਅਤੇ ਵਿਭਾਗਾਂ ਤੋਂ ਸਹਿਯੋਗ ਦੀ ਮੰਗ ਕਰ

ਸਕਦਾ ਹੈ, ਇਹ ਐਕਟ ਇਨ੍ਹਾਂ ਵਿਭਾਗਾਂ ਤੋਂ ਅਫ਼ਸਰਾਂ ਨੂੰ ਇਕ ਦੂਜੇ ਦੀ ਸਹਾਇਤਾ ਕਰਨ ਲਈ ਪਾਬੰਦ ਕਰਦਾ ਹੈ। ਸਹਿਯੋਗ ਦੀ ਲਿਖਤੀ ਬੇਨਤੀ ਕਰਨ ਤੋਂ ਬਾਅਦ ਵੀ ਜੇਕਰ ਕਿਸੇ ਸਬੰਧਤ ਏਜੰਸੀ ਦਾ ਅਫ਼ਸਰ ਸਹਿਯੋਗ ਨਹੀਂ ਦਿੰਦਾ ਅਤੇ ਅਜਿਹਾ ਅਫ਼ਸਰ ਜਿਹੜਾ ਕਿ ਸਹਾਇਤਾ ਨਾ ਦੇਣ ਲਈ ਲਿਖਤੀ ਰੂਪ ਵਿਚ ਇਸ ਦਾ ਕਾਰਣ ਨਹੀਂ ਦਿੰਦਾ ਉਸ ਉੱਪਰ ਐਨ ਡੀ ਪੀ ਐੱਸ ਐਕਟ ਦੇ ਉਪਬੰਧਾਂ ਅਨੁਸਾਰ ਮੁਕੱਦਮਾ ਚਲਾਇਆ ਜਾ ਸਕਦਾ ਹੈ।

**ਤਿਆਰੀ :** - ਕਾਰਵਾਈ ਨੂੰ ਕਰਨ ਲਈ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਭਾਲ ਕਰਨ ਵਾਲੀ ਟੀਮ ਨੂੰ ਸਾਰੀ ਲੋੜੀਂਦੀ ਸਾਮੱਗਰੀ ਅਤੇ (logistic) ਸਹਾਇਤਾ ਜ਼ਰੂਰ ਮੁਹੱਈਆ ਕਰਨੀ ਚਾਹੀਦੀ ਹੈ। ਇਸ ਵਿਚ ਉਚਿਤ ਮਾਤਰਾ ਵਿਚ ਇੰਧਨ ਨਾਲ ਵਾਹਣ ਨਿਗਰਾਨੀ ਉਪਕਰਣ (ਦੂਰਬੀਨ, ਰਾਤ ਨੂੰ ਸਪੱਸ਼ਟ ਵੇਖਣ ਲਈ ਉਪਕਰਣ, ਮੋਬਾਈਲ ਫੋਨ), ਭਾਲ ਕਰਨ ਲਈ ਉਪਕਰਣ (ਟਾੱਰਚ, ਉਪਰਕਣ ਕਿਟ), ਮੁਹਰ (ਸੀਲ) ਅਤੇ ਮੁਹਰਬੰਦ ਕਰਨ ਦੀ ਕਿਟ (ਸੀਲਿੰਗ ਵੈਕਸ/ਲਾਖ, ਮੁਹਰਬੰਦ ਕਰਨ ਦੇ ਲਿਫਾਫੇ, ਮੋਮਬੱਤੀਆਂ, ਲਾਈਟਰ), ਸਟੇਸ਼ਨਰੀ ਅਤੇ ਫਾਰਮ ਜਿਵੇਂ ਧਾਰਾ 67 ਨੋਟਿਸ, ਧਾਰਾ 41 (2) ਭਾਲ ਕਰਨ ਦੀ ਪ੍ਰਵਾਨਗੀ ਆਦਿ, ਭਾਰ ਮਾਪਣ ਦੇ ਉਪਕਰਣ, ਸੁਰੱਖਿਆ ਸਬੰਧੀ ਉਪਕਰਣ (ਹੱਥਕੜੀ) ਆਦਿ, ਹਥਿਆਰ ਅਤੇ ਅਸਲਾ, ਫੀਲਡ ਜਾਂਚ ਕਿਟਾਂ (ਸਟੈਂਡਰਡ ਕਿਟ, ਪ੍ਰੀਕਰਸਰ ਕੈਮੀਕਲ ਕਿਟ ਅਤੇ ਕੈਟਾਮਾਈਨ ਕਿਟ), ਵੀਡੀਓ ਕੈਮਰਾ ਆਦਿ ਸ਼ਾਮਲ ਹੈ।

ਪਹਿਲਾਂ ਹੀ ਤਿਆਰੀ ਕਰਨਾ ਇਕ ਚੰਗਾ ਵਿਚਾਰ ਹੈ ਬਜਾਇ ਇਸ ਦੇ ਕਿ ਕਾਰਵਾਈ ਕਰਨ ਦੌਰਾਨ ਹੀ ਉਪਰੋਕਤ ਸਭ ਦਾ ਪ੍ਰਬੰਧ ਕਰਨ ਵਿਚ ਕੀਮਤੀ ਸਮਾਂ ਗਵਾਇਆ ਜਾਵੇ।

# ਅਧਿਆਇ -4

## (ਤਲਾਸ਼ੀ) ਭਾਲ ਅਰੰਭ ਕਰਨ ਤੋਂ ਪਹਿਲਾਂ

ਕਾਰਵਾਈ ਕਰਨ ਲਈ ਜਾਣ ਤੋਂ ਪਹਿਲਾਂ, ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਉਸ ਦੀ ਟੀਮ ਨੂੰ ਪੂਰੀ ਤਰ੍ਹਾਂ ਜਾਣਕਾਰੀ ਪ੍ਰਾਪਤ ਕਰਨਾ ਅਤੇ ਆਪਣੇ ਨਾਲ ਸਭ ਸਾਜ਼-ਸਮੱਗਰੀ (ਉਪਕਰਣ) ਲੈਣੇ ਜ਼ਰੂਰੀ ਹਨ। ਇਹ ਸਥਾਨ ਜਾਂ ਵਿਅਕਤੀਆਂ ਦੋਹਾਂ ਦੀ ਭਾਲ (ਤਲਾਸ਼) ਕਰਨ ਦੌਰਾਨ ਬਹੁਤ ਮਹੱਤਵਪੂਰਨ ਹੈ।

### ਸਥਾਨ

1. ਜੇਕਰ ਭਾਲ (ਤਲਾਸ਼ੀ) ਮੈਜਿਸਟ੍ਰੇਟ ਜਾਂ ਗਜ਼ਟਡ ਅਫ਼ਸਰ ਦੇ ਨਿਰਦੇਸ਼ਾਂ ਉਤੇ ਕੀਤੀ ਜਾ ਰਹੀ ਹੈ ਤਾਂ ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਉਸ ਦੀ ਟੀਮ ਕੋਲ ਉਚਿਤ ਸ਼ਨਾਖਤੀ ਦਸਤਾਵੇਜ਼ ਜਿਵੇਂ ਵਿਭਾਗੀ ਸ਼ਨਾਖਤੀ ਕਾਰਡ ਅਤੇ ਧਾਰਾ 41 ਅਧੀਨ ਜਾਰੀ ਤਲਾਸ਼ੀ ਦੀ ਪ੍ਰਵਾਨਗੀ ਆਦਿ ਹੋਣੇ ਚਾਹੀਦੇ ਹਨ। ਧਿਆਨ ਰੱਖਣ ਯੋਗ ਹੈ ਕਿ ਅਣਉਚਿਤ ਜ਼ਿਆਦਾ ਮਾਤਰਾ ਵਿਚ ਧਨ, ਕੋਈ ਦਸਤਾਵੇਜ਼, ਵਸਤੂਆਂ ਆਦਿ ਜਿਹੜਾ ਕਿ ਸੰਦੇਹਜਨਕ ਵਿਅਕਤੀ ਵੱਲੋਂ ਗਲਤ ਆਰੋਪ, ਸਬੂਤ ਨੂੰ ਰੱਖਣ, ਚੋਰੀ ਆਦਿ ਦੇ ਝੂਠੇ ਆਰੋਪ ਲਗਾਏ ਜਾਣ ਨੂੰ ਸੱਦਾ ਦੇਣ, ਨਾਲ ਨਹੀਂ ਲੈ ਕੇ ਜਾਣੇ ਚਾਹੀਦੇ।
2. ਟੀਮ ਨੂੰ ਉਸ ਇਲਾਕੇ ਵਿਚ ਜਿਥੇ ਕਿ ਸਥਾਨ ਦੀ ਤਲਾਸ਼ੀ ਲੈਣੀ ਹੈ, ਤਲਾਸ਼ੀ ਲੈਣ ਦੇ ਸਮੇਂ ਤੋਂ ਪਹਿਲਾਂ ਹੀ ਪੁੱਜ ਜਾਣਾ ਚਾਹੀਦਾ ਹੈ ਅਤੇ ਉਸ ਇਲਾਕੇ ਦੇ ਦੋ ਵੱਖ-ਵੱਖ ਇੱਜ਼ਤਦਾਰ ਵਸਨੀਕਾਂ ਨੂੰ ਤਲਾਸ਼ੀ ਦੀ ਕਾਰਵਾਈ ਦੇ ਗਵਾਹ ਵਜੋਂ ਪ੍ਰਬੰਧ ਕਰ ਲੈਣਾ ਚਾਹੀਦਾ ਹੈ। ਇਨ੍ਹਾਂ ਕਾਰਵਾਈਆਂ ਵਿਚ ਲੋਕਾਂ ਦੇ ਸ਼ਾਮਲ ਹੋਣ ਵਿਚ ਉਨ੍ਹਾਂ ਦੀ ਸਹਿਮਤੀ ਨੂੰ ਯਕੀਨੀ ਬਣਾਉਣ ਲਈ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਲੋਕਾਂ ਨੂੰ ਕਾਨੂੰਨ ਨਾਲ ਸਹਿਯੋਗ ਕਰਨ ਲਈ ਜੁਗਤ, ਹਲਕੀ ਪ੍ਰੇਰਣਾ ਅਤੇ ਕਾਨੂੰਨੀ ਲੋੜ ਸਭਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਬਹੁਤ ਜ਼ਿਆਦਾ ਲੋੜ ਪੈਣ ਤੇ ਜਾਂਚ

ਅਧਿਕਾਰੀ (ਡੀ ਐਲ ਈ ਓ) ਵਿਅਕਤੀਆਂ ਨੂੰ ਗਵਾਹਾਂ ਵਜੋਂ ਕਾਰਜ ਕਰਨ ਲਈ ਕਾਨੂੰਨੀ ਨੋਟਿਸ ਵੀ ਜਾਰੀ ਕਰ ਸਕਦਾ ਹੈ। ਲਿਖਤੀ ਰੂਪ ਵਿਚ ਅਜਿਹਾ ਕਰਨ ਲਈ ਕਹਿਣ ਤੋਂ ਬਾਅਦ ਜੇ ਕਰ ਬਿਨਾ ਕਿਸੇ ਉਚਿਤ ਕਾਰਣ ਤੇ ਕੋਈ ਅਜਿਹਾ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਇਹ ਧਾਰਾ 100 ਸੀ ਆਰ ਪੀ ਸੀ ਨਾਲ ਧਾਰਾ 187 ਆਈ ਪੀ ਸੀ ਅਧੀਨ ਇਕ ਅਪਰਾਧ ਹੈ। ਇਕ ਵਾਰ ਗਵਾਹਾਂ ਦੇ ਮਿਲਣ ਤੇ, ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਉਨ੍ਹਾਂ ਨੂੰ ਪੂਰਾ ਵੇਰਵਾ ਨਾ ਦਿੰਦੇ ਹੋਏ ਤਲਾਸ਼ੀ ਦਾ ਮੰਤਵ ਦੱਸਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਉਸ ਸਥਾਨ ਤੇ ਨਾਲ ਜਾਣ ਲਈ ਕਹਿਣਾ ਚਾਹੀਦਾ ਹੈ ਜਿਸ ਦੀ ਕਿ ਤਲਾਸ਼ੀ ਲਈ ਜਾਣੀ ਹੈ।

3. ਸੰਦੇਹਜਨਕ ਸਥਾਨ ਤੇ ਜਦੋਂ ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਉਸ ਦੀ ਟੀਮ, ਦੋ ਵੱਖ-ਵੱਖ ਗਵਾਹਾਂ ਸਮੇਤ ਪ੍ਰਵੇਸ਼ ਕਰ ਜਾਂਦੀ ਹੈ ਤਾਂ ਟੀਮ ਮੈਂਬਰਾਂ ਨੂੰ ਸਾਰੇ ਸੰਭਵ ਪ੍ਰਵੇਸ਼ (ਦਾਖਲ) ਅਤੇ ਬਾਹਰ ਜਾਣ ਦੇ ਸਥਾਨ ਤੇ ਚੌਕਸੀ ਰੱਖਣੀ ਚਾਹੀਦੀ ਹੈ। ਜਦੋਂ ਮਾਲਕ/ਕਾਬਜ਼ ਜਾਂ ਉਸ ਦਾ ਕੋਈ ਨੁਮਾਇੰਦਾ ਪ੍ਰਵੇਸ਼ ਦਰਵਾਜ਼ੇ ਤੇ ਆਉਂਦਾ ਹੈ (ਜਾਂ ਪਿਛਲੇ ਦਰਵਾਜ਼ੇ ਜਾਂ ਛੱਤ ਤੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈ) ਤਾਂ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਆਪਣੀ ਟੀਮ ਅਤੇ ਗਵਾਹਾਂ ਦੀ ਪਛਾਣ ਕਰਵਾਉਣੀ ਚਾਹੀਦੀ ਹੈ, ਆਪਣੇ ਆਉਣ ਦਾ ਮੰਤਵ ਦੱਸਣਾ ਚਾਹੀਦਾ ਹੈ ਅਤੇ ਉਸ ਤੋਂ ਸਹਿਯੋਗ ਲਈ ਬੇਨਤੀ ਕਰਨੀ ਚਾਹੀਦੀ ਹੈ। ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਉਸ ਨੂੰ ਤਲਾਸ਼ੀ ਲੈਣ ਦੀ ਪ੍ਰਵਾਨਗੀ ਵਿਖਾਉਣੀ ਚਾਹੀਦੀ ਹੈ। ਗਵਾਹਾਂ ਦੀ ਹਾਜ਼ਰੀ ਵਿਚ ਉਸ ਉੱਪਰ ਉਸ ਦੇ ਹਸਤਾਖ਼ਰ ਪ੍ਰਾਪਤ ਕਰਕੇ ਫਿਰ ਗਵਾਹਾਂ ਦੇ ਵੀ ਹਸਤਾਖ਼ਰ ਲੈਣੇ ਚਾਹੀਦੇ ਹਨ। ਘਰ /ਸਥਾਨ (premises) ਅੰਦਰ ਪ੍ਰਵੇਸ਼

ਕਰਨ ਤੋਂ ਬਾਅਦ ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਉਸ ਦੀ ਟੀਮ ਅਤੇ ਗਵਾਹਾਂ ਨੂੰ ਸੰਦੇਹਜਨਕ ਵਿਅਕਤੀ ਨੂੰ ਉਨ੍ਹਾਂ ਦੀ ਤਲਾਸ਼ੀ ਲੈਣ ਦੀ ਪੇਸ਼ਕਸ਼ ਰੱਖਣੀ ਚਾਹੀਦੀ ਹੈ ਤਾਂ ਜੋ ਸਥਾਨ ਤੇ ਕੁਝ ਰੱਖਣ ਦੇ ਝੂਠੇ ਅਰੋਪ ਲਗਾਏ ਜਾਣ ਨੂੰ ਹੱਕ-ਸ਼ੁਫ਼ਾ (pre-empt) ਕੀਤਾ ਜਾ ਸਕੇ।

4. ਜੇਕਰ ਸੰਦੇਹਜਨਕ ਵਿਅਕਤੀ ਦੇ ਸਥਾਨ/ਘਰ ਤੇ ਤਾਲਾ ਹੈ ਅਤੇ ਉਸ ਵਿਚ ਰਹਿਣ ਵਾਲਿਆਂ ਵੱਲੋਂ ਨਹੀਂ ਖੋਲ੍ਹਿਆ ਜਾਂਦਾ ਤਾਂ ਤਲਾਸ਼ੀ ਲੈਣ ਵਾਲੀ ਟੀਮ ਦਰਵਾਜ਼ੇ ਨੂੰ ਤੋੜ ਸਕਦੀ ਹੈ ਜਾਂ ਉਨ੍ਹਾਂ ਅੱਗੇ ਰੱਖੀ ਰੁਕਾਵਟ ਨੂੰ ਦੂਰ ਕਰਕੇ ਅੰਦਰ ਦਾਖਲ ਹੋ ਸਕਦਾ ਹੈ ਅਤੇ ਤਲਾਸ਼ੀ ਲੈ ਸਕਦਾ ਹੈ। ਤਾਕਤ ਦੀ ਅਜਿਹੀ ਉਚਿਤ ਵਰਤੋਂ ਦੀ ਪ੍ਰਵਾਨਗੀ ਐਨ ਡੀ ਪੀ ਐੱਸ ਦੀ ਧਾਰਾ 42 (1) (ਬੀ) ਅਧੀਨ ਦਿੱਤੀ ਗਈ ਹੈ।

5. ਜਾਂਚ ਅਧਿਕਾਰੀ (ਡੀ ਐਲ ਈ ਓ) ਕੁਝ ਟੀਮ ਮੈਂਬਰਾਂ ਨੂੰ ਇਸ ਤਰ੍ਹਾਂ ਤੈਨਾਤ ਕਰੇਗਾ ਕਿ ਸਥਾਨ ਦੇ ਅੰਦਰ ਜਾਣ ਅਤੇ ਬਾਹਰ ਆਉਣ ਦੇ ਸਾਰੇ ਸਥਾਨਾਂ ਦੀ ਨਿਗਰਾਨੀ ਕੀਤੀ ਜਾ ਸਕੇ ਤਾਂ ਜੋ ਆਰੋਪ ਲਗਾਏ ਜਾ ਸਕਣ ਵਾਲੀਆਂ ਵਸਤੂਆਂ, ਸਬੂਤ ਜਾਂ ਵਿਅਕਤੀ ਬਚ ਕੇ ਨਿਕਲ ਨਾ ਸਕਣ।

## ਵਿਅਕਤੀ

1. ਐਨ ਡੀ ਪੀ ਐੱਸ ਦੀ ਧਾਰਾ 50 (4) (ਬੀ) ਅਧੀਨ ਔਰਤਾਂ ਦੀ ਤਲਾਸ਼ੀ ਇੱਕ ਮਹਿਲਾ ਅਧਿਕਾਰੀ ਦੁਆਰਾ ਹੀ ਲਈ ਜਾ ਸਕਦੀ ਹੈ। ਜੇਕਰ ਸ਼ੱਕੀ ਇਮਾਰਤ ਰਿਹਾਇਸ਼ੀ ਮਕਾਨ ਹੈ ਜਾਂ ਇਹ ਪਤਾ ਹੋਵੇ ਕਿ ਉੱਥੇ ਔਰਤਾਂ ਹੋ ਸਕਦੀਆਂ ਹਣ ਤਾਂ ਜਾਂਚ ਅਧਿਕਾਰੀ (ਡੀ ਐਲ ਈ ਓ) ਇਹ ਯਕੀਨੀ ਕਰੇਗਾ ਕਿ ਟੀਮ 'ਚ ਮਹਿਲਾ ਅਧਿਕਾਰੀ ਹੋਣ।

2. ਤਲਾਸ਼ੀ ਲੈਣ ਤੋਂ ਪਹਿਲਾਂ ਜਾਂਚ ਅਧਿਕਾਰੀ (ਡੀ ਐਲ ਈ ਓ) ਇਹ ਯਕੀਨੀ ਕਰੇਗਾ ਕਿ ਜਿਸਦੀ ਤਲਾਸ਼ੀ ਲੈਣੀ ਹੈ ਉਸ ਨੂੰ ਉਸ ਦਾ ਇਹ ਕਾਨੂੰਨੀ ਅਧਿਕਾਰ ਦੱਸ ਦਿੱਤਾ ਗਿਆ ਹੈ ਕਿ ਉਸਦੀ ਤਲਾਸ਼ੀ ਗਜ਼ਟਿਡ ਅਧਿਕਾਰੀ ਜਾਂ ਮੈਜਿਸਟਰੇਟ ਦੇ ਸਾਮਨੇ ਲਈ ਜਾ ਸਕਦੀ ਹੈ। ਇਸ ਬਾਰੇ ਉਸ ਨੂੰ ਲਿਖਤੀ ਨੋਟਿਸ ਦੇ ਰੂਪ ਵਿੱਚ ਸੂਚਿਤ ਕੀਤਾ ਜਾਵੇਗਾ। ਜੇ ਅਜਿਹਾ ਵਿਅਕਤੀ ਗਜ਼ਟਿਡ ਅਧਿਕਾਰੀ ਜਾਂ ਮੈਜਿਸਟਰੇਟ ਦੇ ਸਾਮਨੇ ਤਲਾਸ਼ੀ ਲੈਣ ਲਈ ਚੋਣ ਕਰਦਾ ਹੈ ਫਿਰ ਉਸ ਨੂੰ ਅਜਿਹੇ ਅਧਿਕਾਰੀ ਸਾਮਨੇ ਪੇਸ਼ ਕਰਨਾ ਜਰੂਰੀ ਹੈ ਜੋ ਇਸ ਦਾ ਫੈਸਲਾ ਕਰੇਗਾ ਕਿ ਉਸਦੀ ਤਲਾਸ਼ੀ ਲਈ ਜਾਣੀ ਹੈ ਜਾਂ ਨਹੀ। ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਇਸ ਗੱਲ ਦੀ ਵੀ ਸ਼ਲਾਗਾ ਕਰਨੀ ਚਾਹੀਦੀ ਹੈ ਕਿ ਇੱਕ ਵਾਰੀ ਉਸ ਵਿਅਕਤੀ ਨੇ ਗਜ਼ਟਿਡ ਅਧਿਕਾਰੀ ਜਾਂ ਮੈਜਿਸਟਰੇਟ ਦੇ ਸਾਮਨੇ ਤਲਾਸ਼ੀ ਲੈਣ ਲਈ ਚੋਣ ਕਰ ਲਈ ਹੈ ਫਿਰ ਜਾਂਚ ਅਧਿਕਾਰੀ (ਡੀ ਐਲ ਈ ਓ) ਉਸ ਨੂੰ ਅਜਿਹੇ ਕਿਸੀ ਇੱਕ ਅਧਿਕਾਰੀ ਕੋਲ ਲੈ ਕੇ ਜਾ ਸਕਦਾ ਹੈ ਜੋ ਸੁਰੱਖਿਅਤ ਅਤੇ ਸਹੂਲਤ ਵਾਲਾ ਹੋਵੇ। ਉਹ ਵਿਅਕਤੀ ਜਿਸਦੀ ਤਲਾਸ਼ੀ ਲੈਣੀ ਹੈ ਇਸ ਗੱਲ ਲਈ ਜੋਰ ਨਹੀ ਪਾ ਸਕਦਾ ਕਿ ਉਸ ਨੂੰ ਕਿਸ ਅਧਿਕਾਰੀ ਕੋਲ ਲੈ ਕੇ ਜਾਇਆ ਜਾਵੇ। ਇਸ ਗੱਲ ਦਾ ਧਿਆਨ ਰਖਿਆ ਜਾਵੇ ਕਿ ਇਹ ਕਾਨੂੰਨੀ ਪ੍ਰਕ੍ਰਿਆ ਐਨ ਡੀ ਪੀ ਐੱਸ ਦੀ ਧਾਰਾ 50 (2) ਹੇਠ ਦੱਸੀ ਗਈ ਹੈ ਜਿਸਦੀ ਪਾਲਨਾ ਕਰਨਾ ਕਾਨੂੰਨੀ ਤੌਰ ਤੇ ਲਾਜ਼ਮੀ ਹੈ।

3. ਜਾਂਚ ਅਧਿਕਾਰੀ (ਡੀ ਐਲ ਈ ਓ) ਇਸ ਗੱਲ ਨੂੰ ਨੋਟ ਕਰੇ ਕਿ ਇਹ ਅਧਿਕਾਰ ਵਿਅਕਤੀ ਨੂੰ ਸਿਰਫ ਤਾਂ ਹੀ ਉਪਲਬਧ ਹੈ ਜੇ ਉਸਦੀ ਸਰੀਰਕ ਤਲਾਸ਼ੀ (body search) ਲੈਣੀ ਹੈ। ਇਮਾਰਤ ਜਾਂ ਚੀਜ਼ ਜਾਂ ਵਿਅਕਤੀ ਦੁਆਰਾ ਚੁੱਕੇ ਹੋਏ ਸਮਾਨ ਦੀ ਤਲਾਸ਼ੀ

ਲਈ ਇਸਦੀ ਲੋੜ ਨਹੀ ਹੈ। ਉਧਾਹਰਨ ਲਈ, ਜਦ ਜਾਂਚ ਅਧਿਕਾਰੀ (ਡੀ ਐਲ ਈ ਓ) ਨੇ ਸ਼ਕੀ ਵਿਅਕਤੀ ਦੁਆਰਾ ਚੁੱਕੇ ਹੋਏ ਅਟੈਚੀ (briefcase) ਦੀ ਤਲਾਸ਼ੀ ਲੈਣੀ ਹੈ ਫਿਰ ਧਾਰਾ 50 ਹੇਠ ਨੋਟਿਸ ਦੀ ਲੋੜ ਨਹੀ ਹੈਂ।

4. ਅਗਰ ਜਾਂਚ ਅਧਿਕਾਰੀ (ਡੀ ਐਲ ਈ ਓ) ਕੋਲ ਇਸ ਗੱਲ ਨੂੰ ਯਕੀਨ ਕਰਨ ਦਾ ਕਾਰਨ ਹੈ ਕਿ ਵਿਅਕਤੀ ਨੂੰ ਗਜ਼ਟਿਡ ਅਧਿਕਾਰੀ ਜਾਂ ਮੈਜਿਸਟਰੇਟ ਦੇ ਸਾਮਨੇ ਤਲਾਸ਼ੀ ਲਈ ਇਸ ਡਰ ਤੋਂ ਨਹੀਂ ਲਿਜਾਇਆ ਜਾ ਸਕਦਾ ਕਿ ਅਜਿਹਾ ਕਰਨ ਤੇ ਉਹ ਆਪਣੇ ਕੋਲ ਰੱਖੀਆਂ ਨਸ਼ੀਲੀਆਂ ਦਵਾਈਆਂ ਅਤੇ ਹੋਰ ਦੋਸ਼-ਆਰੋਪਣ ਵਾਲੀਆਂ ਵਸਤੂਆਂ ਨੂੰ ਆਪਣੇ ਤੋਂ ਦੂਰ ਕਰ ਦੇਵੇਗਾ ਤਾਂ ਉਹ ਆਪ ਹੀ ਉਸ ਦੀ ਤਲਾਸ਼ੀ, ਐੱਨ ਡੀ ਪੀ ਐੱਸ ਐਕਟ ਦੀ ਧਾਰਾ 50 (5) ਵਿਚ ਦਿੱਤੇ ਅਨੁਸਾਰ ਲੈ ਸਕਦਾ ਹੈ ਅਤੇ ਅਜਿਹੀ ਤਲਾਸ਼ੀ ਤੋਂ ਬਾਦ ਉਸਨੂੰ ਅਪਨੇ ਯਕੀਨ ਕਰਨ ਦਾ ਕਾਰਨ ਰਿਕਾਰਡ ਕਰਕੇ ਅਪਨੇ ਅਗਲੇ ਉੱਚ ਅਧਿਕਾਰੀ ਪਾਸ 72 ਘੰਟੇ 'ਚ ਭੇਜਨਾ ਜਰੂਰੀ ਹੈ। ਇਸ ਗੱਲ ਦਾ ਧਿਆਨ ਰਖਿਆ ਜਾਵੇ ਕਿ ਇਹ ਕਾਨੂੰਨੀ ਪ੍ਰਕ੍ਰਿਆ ਐਨ ਡੀ ਪੀ ਐੱਸ ਦੀ ਧਾਰਾ 50 (6) ਹੇਠ ਦੱਸੀ ਗਈ ਹੈ ਜਿਸਦਾ ਦਾ ਪਾਲਨ ਕਰਨਾ ਕਾਨੂੰਨੀ ਤੌਰ ਤੇ ਲਾਜ਼ਮੀ ਹੈ।

# ਅਧਿਆਇ-5

## ਤਲਾਸ਼ੀ (ਭਾਲ) : ਅਧਿਕਾਰ, ਸਾਵਧਾਨੀਆਂ ਅਤੇ ਕਾਰਵਾਈਆਂ

ਜਾਂਚ ਅਧਿਕਾਰੀ (ਡੀ ਐਲ ਈ ਓ) ਕੇਂਦਰੀ ਆਬਕਾਰੀ (ਸੈਂਟਰਲ ਐਕਸਾਈਜ਼), ਨਾਰਕੋਟਿਕਸ, ਨਾਰਕੋਟਿਕਸ ਕੰਟਰੋਲ ਬਿਊਰੋ, ਰੈਵਿਨਿਊ ਇੰਟੈਲੀਜੈਂਸ, ਸੈਂਟਰਲ ਇਕਨਾਮਿਕ ਇੰਟੈਲੀਜੈਂਸ ਬਿਊਰੋ, ਸੈਂਟਰਲ ਆਰਮਡ ਫੋਰਸਿਜ਼, ਆਰਮਡ ਫੋਰਸਿਜ਼, ਕੋਸਟ ਗਾਰਡ, ਪੁਲਿਸ, ਰੈਵਿਨਿਊ, ਡਰੱਗ ਕੰਟਰੋਲ, ਸਟੇਟ ਐਕਸਾਈਜ਼ (ਰਾਜ ਆਬਕਾਰੀ) ਆਦਿ ਵਿਭਾਗਾਂ ਦੇ ਸੇਵਾਦਾਰ, ਸਿਪਾਹੀ ਜਾਂ ਕਾਂਸਟੇਬਲ ਦੇ ਰੁਤਬੇ ਤੋਂ ਉੱਚ ਅਧਿਕਾਰੀ, ਐਨ ਡੀ ਪੀ ਐਸ ਐਕਟ ਦੀ ਧਾਰਾ 42 ਅਤੇ 43 ਅਧੀਨ ਅਧਿਕ੍ਰਿਤ ਅਧਿਕਾਰੀ ਹੋਣਾ ਚਾਹੀਦਾ ਹੈ ਜਿਹੜਾ ਕਿ ਐਨ ਡੀ, ਪੀ ਐੱਸ ਜਾਂ ਸੀ ਐੱਸ ਦੇ ਸਬੰਧ ਵਿਚ ਐਨ ਡੀ ਪੀ ਐੱਸ ਐਕਟ ਦੇ ਉਪਬੰਧਾਂ ਦੇ ਉਲੰਘਣ ਦੇ ਮਾਮਲੇ ਵਿਚ ਤਲਾਸ਼ੀ, ਜ਼ਬਤੀ ਅਤੇ ਗ੍ਰਿਫਤਾਰੀ ਸਬੰਧੀ ਕਾਰਵਾਈਆਂ ਕਰੇਗਾ। ਇਹ ਉਹ ਇਸ ਵਿਚਾਰ ਨਾਲ ਕਰ ਸਕਦਾ ਹੈ ਕਿ ਉਹ ਕੋਈ ਅਜਿਹਾ ਦਸਤਾਵੇਜ਼ ਜਾਂ ਵਸਤੂ ਹਾਸਲ ਅਤੇ ਜ਼ਬਤ ਕਰੇ ਜੋ ਕਿ ਅਜਿਹੇ ਕਿਸੇ ਅਪਰਾਧ ਦੇ ਹੋਣ ਦਾ ਸਬੂਤ, ਗੈਰ-ਕਾਨੂੰਨੀ ਤੌਰ ਤੇ ਹਾਸਲ ਕੀਤੀ ਕੋਈ ਜਾਇਦਾਦ (ਆਈ ਏ ਪੀ) ਜਿਸ ਨੂੰ ਕਿ ਐਕਟ ਦੇ ਅਧਿਆਇ 5ਏ ਦੇ ਅਧੀਨ ਜ਼ਬਤ ਕੀਤਾ ਜਾ ਸਕਦਾ ਹੋਵੇ ਅਤੇ ਅਜਿਹੀ ਕੋਈ ਵਸਤੂ ਜਾਂ ਸਬੂਤ ਜਿਹੜਾ ਕਿ ਅਜਿਹੀ ਆਈ ਏ ਪੀ ਦੇ ਹੋਣ ਦਾ ਸਬੂਤ ਪੇਸ਼ ਕਰੇ।

**ਅਧਿਕਾਰ** : -ਧਾਰਾ 42 ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਅਧਿਕਾਰ ਦਿੰਦੀ ਹੈ ਕਿ ਉਹ ਕਿਸੇ ਨਿੱਜੀ ਮਕਾਨ, ਗੋਦਾਮ, ਦਫ਼ਤਰ ਜਾਂ ਗੈਰਾਜ ਜਿਹੇ ਕਿਸੇ ਬੰਦ ਸਥਾਨ ਵਿਚ ਤਲਾਸ਼ੀ, ਜ਼ਬਤੀ ਅਤੇ ਕੋਈ ਗ੍ਰਿਫਤਾਰੀ ਕਰ ਸਕੇ ਜਦੋਂ ਕਿ ਧਾਰਾ 43 ਉਸ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਜਨਤਕ ਸਥਾਨ ਜਿਵੇਂ ਰੇਲਵੇ ਸਟੇਸ਼ਨ, ਬੱਸ ਟਰਮੀਨਲ, ਹਵਾਈ ਅੱਡੇ, ਹਾਈਵੇ ਅਤੇ ਇਸ ਤਰ੍ਹਾਂ ਦੇ ਹੋਰ ਜਨਤਕ ਸਥਾਨਾਂ ਵਿਚ ਤਲਾਸ਼ੀ, ਜ਼ਬਤੀ ਜਾਂ ਗ੍ਰਿਫਤਾਰੀ ਕਰ ਸਕੇ।

**ਸਾਵਧਾਨੀਆਂ ਅਤੇ ਕਾਰਵਾਈਆਂ :** - ਪ੍ਰਮਾਣਕ ਅਮਲ (ਕਾਰਜ) ਵਜੋਂ ਜਦੋਂ ਹੀ ਟੀਮ ਦਾਖਲ ਹੁੰਦੀ ਹੈ ਤਾਂ ਸਥਾਨ ਤੇ ਮੌਜੂਦ ਸਾਰੇ ਮਰਦ ਅਤੇ ਇਸਤਰੀ ਮੈਂਬਰਾਂ ਨੂੰ ਵੱਖ ਵੱਖ ਕਮਰਿਆਂ ਵਿਚ ਰੱਖਿਆ ਜਾਵੇਗਾ ਅਤੇ ਉਨ੍ਹਾਂ ਦੇ ਆਪਸ ਵਿਚ ਗੱਲਬਾਤ ਕਰਨ ਦੇ ਉਪਕਰਣਾਂ ਜਿਵੇਂ ਫੋਨ, ਮੋਬਾਈਲ ਆਦਿ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਤਰਾਜ਼ਯੋਗ ਵਸਤੂਆਂ ਜਾਂ ਦਸਤਾਵੇਜ਼ਾਂ ਨੂੰ ਛੁਪਾ ਕੇ ਰੱਖੇ ਹੋਣ ਦੀ ਸੰਭਾਵਨਾ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਲੱਭਣ ਲਈ ਸਰੀਰਕ ਤਲਾਸ਼ੀ ਵੀ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ। ਸੁਰੱਖਿਆ ਰੁਕਾਵਟਾਂ ਜਿਵੇਂ ਬੰਦੂਕ, ਚਾਕੂ ਆਦਿ ਜੇਕਰ ਵਿਅਕਤੀ ਕੋਲ ਮਿਲਦੇ ਹਨ ਤਾਂ ਉਨ੍ਹਾਂ ਨੂੰ ਸੁਰੱਖਿਅਤ ਰੱਖ ਲੈਣਾ ਚੀਦਾ ਹੈ। ਸਥਾਨ ਤੇ ਘਰ ਵਿਚ ਸਾਰੇ ਕਮਰਿਆਂ, ਫਰਨੀਚਰ, ਫਿਟਿੰਗ, ਵਾਹਣ ਆਦਿ ਦੀ ਮਾਲਕ ਜਾਂ ਉਸ ਦੇ ਨੁਮਾਇੰਦੇ ਅਤੇ ਗਵਾਹਾਂ ਦੀ ਹਾਜ਼ਰੀ ਵਿਚ ਜ਼ਰੂਰ ਤਲਾਸ਼ੀ ਲਈ ਜਾਣੀ ਚਾਹੀਦੀ ਹੈ।

ਸਨਿਫਰ ਕੁੱਤੇ ਜਿਸ ਨੂੰ ਕਿ ਨਸ਼ੀਲੇ ਪਦਾਰਥਾਂ ਨੂੰ ਸੁੰਘ ਕੇ ਲੱਭਣ ਲਈ ਪੂਰੀ ਤਰ੍ਹਾਂ ਸਿਖਲਾਈ ਦਿੱਤੀ ਗਈ ਹੋਵੇ, ਨੂੰ ਅਜਿਹੀਆਂ ਕਾਰਵਾਈਆਂ ਵਿਚ ਨਾਲ ਲੈ ਕੇ ਜਾਣਾ ਬਹੁਤ ਲਾਭਦਾਇਕ ਹੋਵੇਗਾ। ਕੁੱਤੇ ਸੁੰਘਣ ਸ਼ਕਤੀ ਨਾਲ ਪਦਾਰਥਾਂ ਨੂੰ ਕਿਸੇ ਵੀ ਮਨੁੱਖ ਨਾਲੋਂ ਬਹੁਤ ਛੇਤੀ ਅਤੇ ਚੰਗੀ ਤਰ੍ਹਾਂ ਲੱਭ ਸਕਦੇ ਹਨ ਅਤੇ ਇਸ ਤਰ੍ਹਾਂ ਸਾਰਾ ਤਲਾਸ਼ੀ ਅਭਿਆਨ (ਤਲਾਸ਼ੀ ਕਾਰਵਾਈ) ਨੂੰ ਬਹੁਤ ਛੇਤੀ ਮੁਕੰਮਲ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਇਹ ਨੋਟ ਕਰੋ ਕਿ ਸਨਿਫਰ ਕੁੱਤੇ ਜਿਨ੍ਹਾਂ ਨੂੰ ਨਸ਼ੀਲੀਆਂ ਦਵਾਈਆਂ ਲੱਭਣ ਲਈ ਸਿਖਲਾਈ ਨਹੀਂ ਦਿੱਤੀ ਜਾਂਦੀ (ਕੇਵਲ ਵਿਸਫੋਟਕਾਂ ਨੂੰ ਲੱਭਣ ਦੀ ਸਿਖਲਾਈ ਦਿੱਤੀ ਗਈ ਹੋਵੇ) ਉਹ ਕਿਸੇ ਕੰਮ ਦੇ ਨਹੀਂ ਹੋਣਗੇ। ਜੇਕਰ ਜਾਂਚ ਅਧਿਕਾਰੀ (ਡੀ ਐਲ ਈ ਓ) ਕੋਲ ਸਨਿਫਰ ਕੁੱਤਾ ਨਹੀਂ ਹੈ ਤਾਂ ਉਹ ਕਿਸੇ ਸਬੰਧਤ (ਸਿਸਟਰ) ਲਾੱਅ ਇਨਫਾਰਸਮੈਂਟ ਸੰਸਥਾ, ਜਿਸ ਕੋਲ ਅਜਿਹੇ ਕੁੱਤੇ ਹੋ ਸਕਦੇ ਹਨ, ਤੋਂ ਸਹਾਇਤਾ ਪ੍ਰਾਪਤ ਕਰ ਸਕਦਾ ਹੈ।

ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਉਸ ਦੀ ਸਮੁੱਚੀ ਟੀਮ ਉਸ ਸਥਾਨ ਤੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਪ੍ਰਤੀ ਸ਼ਿਸ਼ਟਾਚਾਰ ਅਤੇ ਸਹਾਇਤਾ ਭਰਪੂਰ

ਰਵੱਈਏ ਵਾਲੀ ਹੋਵੇ। ਕਈ ਵਾਰ ਕਈ ਬਜ਼ੁਰਗ ਜਾਂ ਔਰਤਾਂ ਸਖ਼ਤ ਸਰੀਰਕ ਪਰੇਸ਼ਾਨੀ ਦਾ ਦਾਅਵਾ ਕਰਦੀਆਂ ਹਨ ਜਿਹੜਾ ਕਿ ਕਾਰਵਾਈ ਵਿਚ ਰੁਕਾਵਟ ਪਾਉਣ ਅਤੇ ਧਿਆਨ ਦੂਜੇ ਪਾਸੇ ਕਰਨ ਦੀਆਂ ਕੋਸ਼ਿਸ਼ਾਂ ਹੋ ਸਕਦੀਆਂ ਹਨ। ਫਿਰ ਵੀ, ਡੀ ਐੱਲ ਈ ਓ ਨੂੰ ਉਨ੍ਹਾਂ ਦੀ ਤਲਾਸ਼ੀ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਰਵਾਉਣੀ ਚਾਹੀਦੀ ਹੈ ਕਿ ਉਨ੍ਹਾਂ ਕੋਲ ਇਤਰਾਜ਼ਯੋਗ ਵਸਤੂ, ਦੋਸ਼ ਲਗਾਉਣ ਯੋਗ ਦਸਤਾਵੇਜ਼ ਜਾਂ ਸੰਪਦਾ ਨਹੀਂ ਹੈ ਅਤੇ ਉਹ ਉਨ੍ਹਾਂ ਨੂੰ ਨੇੜੇ ਦੇ ਡਾਕਟਰ ਕੋਲ ਕਿਸੇ ਟੀਮ ਮੈਂਬਰ ਜਾਂ ਰਿਸ਼ਤੇਦਾਰ ਦੀ ਨਜ਼ਰ ਅਧੀਨ ਜਾਣ ਦੀ ਇਜਾਜ਼ਤ ਦੇ ਸਕਦਾ ਹੈ।

**ਪੇਸ਼ਾਵਰਾਨਾ ਵਿਵਹਾਰ :** - ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਉਸ ਦੀ ਟੀਮ ਪੇਸ਼ਾਵਰਾਨਾ ਢੰਗ ਨਾਲ ਪੇਸ਼ ਆਉਣਾ ਚਾਹੀਦਾ ਹੈ। ਉਹ ਸਾਥਾਨ ਤੇ ਮੌਜੂਦ ਕਿਸੇ ਵੀ ਵਿਅਕਤੀ ਨਾਲ ਰੁੱਖਾ ਵਤੀਰਾ ਨਾ ਕਰਨ (ਸਖਤੀ ਨਾਲ ਪੇਸ਼ ਨਾ ਆਉਣ) ਅਤੇ ਲੰਮੇ ਸਮੇਂ ਦੀ ਜੇਲ੍ਹ ਜਾਂ ਸਖਤ ਸਜ਼ਾ ਦੀ ਗੱਲ ਕਰਕੇ ਉਨ੍ਹਾਂ ਦੇ ਮਨ ਵਿਚ ਡਰ ਪੈਦਾ ਨਾ ਕਰਨ। ਇਸ ਦੇ ਨਾਲ ਲੋਕ ਤਲਾਸ਼ੀ ਦੀ ਕਾਰਵਾਈ ਵਿਚ ਉਨ੍ਹਾਂ ਨੂੰ ਸਹਿਯੋਗ ਦੇਣ ਵਿਚ ਝਿਜਕ ਰੱਖਣਗੇ। ਇਸ ਦੇ ਨਾਲ ਉਨ੍ਹਾਂ ਵਿਚ ਨਿਰਾਸ਼ਾ ਦੀ ਭਾਵਨਾ ਆ ਸਕਦੀ ਹੈ ਜਿਸ ਨਾਲ ਕਿ ਉਹ ਬਚ ਕੇ ਨਿਕਲਣ ਜਾਂ ਆਪਣੇ ਆਪ ਨੂੰ ਸੱਟ ਪਹੁੰਚਾਉਣ ਜਾਂ ਆਤਮਘਾਤ ਕਰਣ ਦੀ ਕੋਸ਼ਿਸ਼ ਕਰ ਸਕਦੇ ਹਨ।

ਟੀਮ ਨੂੰ ਹਮੇਸ਼ਾ ਕੰਟਰੋਲਿੰਗ ਅਫ਼ਸਰ ਨਾਲ ਸੰਪਰਕ ਰੱਖਣਾ ਚਾਹੀਦਾ ਹੈ, ਉਸ ਨੂੰ ਤਲਾਸ਼ੀ ਦੀ ਪ੍ਰਗਤੀ ਬਾਰੇ, ਨਵੇਂ ਸੁਰਾਗਾਂ ਦੇ ਮਿਲਣ ਬਾਰੇ, ਵਿਅਕਤੀਆਂ ਜਾਂ ਪਤੇ ਜਿਨ੍ਹਾਂ ਨੂੰ ਕਿ ਤੁਰੰਤ ਧਿਆਨ, ਪੁਸ਼ਟੀ ਅਤੇ ਤਲਾਸ਼ੀ ਆਦਿ ਦਿੱਤੇ ਜਾਣ ਦੀ ਲੋੜ ਹੈ, ਬਾਰੇ ਅਪਡੇਟ ਕਰਨਾ ਚਾਹੀਦਾ ਹੈ।

**ਗਵਾਹ ਪ੍ਰਬੰਧਨ (ਮੈਨੇਜਮੈਂਟ)** :- ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਸਟਾਕ ਗਵਾਹਾਂ ਜਾਂ ਉਸ ਸਥਾਨ ਜਿਸ ਦੀ ਕਿ ਤਲਾਸ਼ੀ ਲਈ ਜਾਣੀ ਚਾਹੀਦੀ ਹੈ, ਤੋਂ ਜ਼ਿਆਦਾ ਦੂਰੀ ਤੇ ਰਹਿੰਦੇ ਗਵਾਹਾਂ ਨੂੰ ਨਹੀਂ ਲੈਣਾ ਚਾਹੀਦਾ। ਕਿਸੇ ਵੀ ਹਾਲਤ ਵਿਚ ਉਸ ਨੂੰ

ਤਲਾਸ਼ੀ ਲਏ ਜਾਣ ਵਾਲੇ ਵਿਅਕਤੀ ਨੂੰ ਗਵਾਹਾਂ ਦਾ ਪ੍ਰਬੰਧ ਕਰਨ ਲਈ ਨਹੀਂ ਕਹਿਣਾ ਚਾਹੀਦਾ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗਵਾਹ ਸੰਦੇਹਜਨਕ ਵਿਅਕਤੀ ਦੇ ਨੇੜੇ ਦੇ ਮਿੱਤਰ ਜਾਂ ਰਿਸ਼ਤੇਦਾਰ ਨਹੀਂ ਹਨ। ਗਵਾਹਾਂ ਦਾ ਨਾਂ, ਮਾਤਾ-ਪਿਤਾ, ਉਮਰ, ਕਿੱਤਾ, ਪੱਕਾ ਪਤਾ, ਮੌਜੂਦਾ ਪਤਾ, ਦਫ਼ਤਰੀ ਪਤੇ ਆਦਿ ਦੀ ਪੂਰੀ ਪੁਸ਼ਟੀ ਅਤੇ ਉਸ ਦਾ ਰਿਕਾਰਡ ਰੱਖਣਾ ਚਾਹੀਦਾ ਹੈ। ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਗਵਾਹਾਂ ਨੂੰ ਸਖਤੀ ਨਾਲ ਅਤੇ ਸਪੱਸ਼ਟ ਤੌਰ ਤੇ ਦੱਸ ਦੇਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਅਜਿਹੀ ਸਾਰੀ ਤਲਾਸ਼ੀ ਕਾਰਵਾਈ ਦੌਰਾਨ ਮੌਕੇ ਤੇ ਹਾਜ਼ਰ ਰਹਿਣ ਅਤੇ ਤਲਾਸ਼ੀ ਕਾਰਵਾਈ ਦੇ ਖਤਮ ਹੋਣ ਤੋਂ ਬਾਅਦ ਦਸਤਾਵੇਜ਼ਾਂ ਉਤੇ ਹਸਤਾਖ਼ਰ ਕਰਨ।

**ਧਿਆਨ ਨੂੰ ਕੇਂਦਰਿਤ ਰੱਖਣ :** -ਟੀਮ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਮੌਕ ਤੇ ਉਨ੍ਹਾਂ ਦੀ ਤਲਾਸ਼ੀ ਦਾ ਕੇਂਦਰ ਕੀ ਹੋਵੇਗਾ। ਐਨ ਡੀ ਪੀ ਐੱਸ ਐਕਟ ਅਧੀਨ ਕਿਸੇ ਤਲਾਸ਼ੀ ਦਾ ਕੇਂਦਰ ਹੇਠ ਲਿਖਿਆਂ ਦੀ ਭਾਲ ਲਈ ਹੋਣਾ ਚਾਹੀਦਾ ਹੈ :-

1. ਐੱਨ ਡੀ, ਪੀ ਐੱਸ ਅਤੇ /ਜਾਂ ਸੀ ਐੱਸ (ਨਸ਼ੀਲੀ ਵਸਤੂਆਂ)
2. ਵਸਤੂਆਂ, ਚੀਜ਼ਾਂ ਜਿਹੜੀਆਂ (1) ਨਾਲ ਜੁੜੀਆਂ ਹੋਣ
3. ਦੋਸ਼ ਲਗਾਉਣ ਯੋਗ ਦਸਤਾਵੇਜ਼
4. ਆਈ ਏ ਪੀ (ਨਜਾਇਜ਼ ਸੰਪਤੀ)
5. ਦਸਤਾਵੇਜ਼/ਆਈ ਏ ਪੀ ਨਾਲ ਸਬੰਧਤ ਹੋਰ ਸਬੂਤ
6. ਵਸਤੂਆਂ /ਚੀਜ਼ਾਂ ਜਿਹੜੀਆਂ ਕਿ ਅਪਰਾਧ ਨਾਲ ਸਬੰਧਤ ਹੋਣ

(ਬਿਨਾ ਲਾਇਸੰਸ ਤੋਂ ਬੰਦੂਕ, ਡਿਊਟੀ ਜਾਂ ਟੈਕਸ ਤੋਂ ਬਚਣਾ ਆਦਿ)

# ਅਧਿਆਇ - 6

## ਬਰਾਮਦਗੀ ਅਤੇ ਜ਼ਬਤੀ

ਇਕ ਵਾਰ ਤਲਾਸ਼ੀ ਦੀ ਕਾਰਵਾਈ ਮੁਕੰਮਲ ਹੋਣ 'ਤੇ ਹਾਸਲ ਅਤੇ ਜ਼ਬਤ ਕੀਤੀਆਂ ਵਸਤੂਆਂ ਨੂੰ ਉਚਿਤ ਤੌਰ ਤੇ ਟੈਗ ਕੀਤਾ (ਨਿਸ਼ਾਨ ਲਗਾਣਾ) ਜਾਣਾ ਜ਼ਰੂਰੀ ਹੈ।

**ਸੂਚੀ ਤਿਆਰ ਕਰਨਾ :-** ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਉਸ ਦੀ ਟੀਮ ਨੂੰ ਇਹ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮਿਲੀ ਹਰੇਕ ਆਰੋਪ ਲਗਾਉਣਯੋਗ ਵਸੂਤ ਜਿਨ੍ਹਾਂ ਦਾ ਕਿ ਐਨ ਡੀ, ਪੀ ਐਸ ਜਾਂ ਸੀ ਐੱਸ (ਨਸ਼ੀਲੀ ਵਸਤੂਆਂ) ਹੋਣ ਦਾ ਸੰਦੇਹ ਹੈ, ਸਮਾਨ ਜਾਂ ਦਸਤਾਵੇਜ਼ਾਂ ਨੂੰ ਬਹੁਤ ਧਿਆਨਪੂਰਵਕ ਟੈਗ ਕਰਿਆ (ਨਿਸ਼ਾਨ ਲਗਾਣਾ) ਜਾਵੇ, ਉਹ ਵਿਸ਼ੇਸ਼ ਥਾਂ ਦਾ ਹਵਾਲਾ ਦੇ ਕੇ ਜਿੱਥੋਂ ਕੀ ਉਹ ਮਿਲੀ ਹੈ, ਜਿਸ ਢੰਗ ਨਾਲ ਉਹ ਛੁਪਾਈ ਗਈ ਸੀ ਅਤੇ ਪੰਚਨਾਮਾ ਤਿਆਰ ਹੋਣ ਅਤੇ ਅੰਤਿਮ ਦਸਤਾਵੇਜ਼ ਤਿਆਰ ਹੋਣ ਤੱਕ ਟੀਮ ਮੈਂਬਰ ਕੋਲ ਸੁਰੱਖਿਅਤ ਰੱਖੀ ਜਾਵੇ।

ਜੇਕਰ ਪ੍ਰਾਪਤ ਹੋਏ ਪੈਕੇਜ, ਵਸਤੂਆਂ ਅਤੇ ਦਸਤਾਵੇਜ਼ ਵੱਡੀ ਮਾਤਰਾ ਵਿਚ ਹਨ ਤਾਂ ਹਰੇਕ ਪ੍ਰਕਾਰ ਦੀ ਵਸਤੂ ਲਈ ਵੱਖਰੀ ਸੂਚੀ (inventries) ਬਣਾਉਣੀ ਚਾਹੀਦੀ ਹੈ ਜਿਸ ਵਿਚ ਅਲਾਟ ਕੀਤਾ ਗਿਆ ਲੜੀ ਨੰਬਰ, ਵਸਤੂ ਦਾ ਵੇਰਵਾ, ਉਸ ਉੱਪਰ ਮਿਲੇ ਚਿੰਨ੍ਹ ਅਤੇ ਨੰਬਰ, ਮਾਤਰਾ, ਵਜ਼ਨ ਆਦਿ ਦਾ ਪੂਰਾ ਵੇਰਵਾ ਦਿੱਤਾ ਜਾਣਾ ਚਾਹੀਦਾ ਹੈ। ਪ੍ਰਾਪਤ ਕੀਤੇ ਅਤੇ ਜ਼ਬਤ ਕੀਤੇ ਸਾਰੇ ਦਸਤਾਵੇਜ਼ਾਂ ਉੱਤੇ ਮਾਲਕ/ਕਾਬਜ਼, ਗਵਾਹਾਂ ਅਤੇ ਜਾਂਚ ਅਧਿਕਾਰੀ (ਡੀ ਐਲ ਈ ਓ) ਦੇ ਆਪਣੇ ਹਸਤਾਖ਼ਰ ਹੋਣੇ ਚਾਹੀਦੇ ਹਨ।

**ਫੀਲਡ ਜਾਂਚ :-** ਪਦਾਰਥ ਜਿਸ ਦਾ ਕਿ ਐਨ ਡੀ, ਪੀ ਐੱਸ ਜਾਂ ਸੀ ਐੱਸ (ਨਸ਼ੀਲਾ) ਹੋਣ ਦਾ ਸੰਦੇਹ ਹੋਵੇ, ਦੀ ਥੋੜ੍ਹੀ ਜਿਹੀ ਮਾਤਰਾ ਦੀ ਜਾਂਚ ਫੀਲਡ ਡਰੱਗ ਪਛਾਣ ਜਾਂਚ ਕਿੱਟ (Field Drug Identification Test Kit) ਦੀ ਸਹਾਇਤਾ ਨਾਲ ਜ਼ਰੂਰ ਕਰ ਲੈਣੀ

ਚਾਹੀਦੀ ਹੈ ਅਤੇ ਰੰਗ ਤੋਂ ਪਦਾਰਥ ਦੀ ਸ਼੍ਰੇਣੀ ਦਾ ਪਤਾ ਲਗਾ ਲੈਣਾ ਚਾਹੀਦਾ ਹੈ। ਇਸ ਦੀ ਪੁਸ਼ਟੀ ਮਾਲਕ, ਕਾਬਜ਼/ ਜਿਸ ਦੇ ਕਬਜ਼ੇ ਅਧੀਨ ਹੈ, ਨੂੰ ਪੁੱਛ ਗਿੱਛ ਕਰਕੇ ਇਹ ਯਕੀਨੀ ਬਣਾਉਣ ਲਈ ਕੀਤੀ ਜਾ ਸਕਦੀ ਹੈ ਕਿ ਪ੍ਰਾਪਤ ਹੋਇਆ ਪਦਾਰਥ ਐਨ ਡੀ, ਪੀ ਐਸ ਜਾਂ ਸੀ ਐੱਸ ਹੈ। ਜੇਕਰ ਸੰਦੇਹਜਨਕ ਪਦਾਰਥ ਦਾ ਇਕ ਤੋਂ ਵੱਧ ਪੈਕਟ ਮਿਲਦਾ ਹੈ ਤਾਂ ਫੀਲਡ ਟੈਸਟ (ਜਾਂਚ) ਕਿੱਟ ਨਾਲ ਹਰੇਕ ਪੈਕਟ ਵਿਚੋਂ ਥੋੜ੍ਹੀ ਜਿਹੀ ਮਾਤਰਾ ਲੈ ਕੇ ਜਾਂਚ ਕਰ ਲੈਣੀ ਚਾਹੀਦੀ ਹੈ।

**ਜ਼ਬਤੀ** :- ਇਕ ਵਾਰ ਪ੍ਰਤੱਖ ਤੌਰ ਤੇ ਇਹ ਪਤਾ ਲਗਣ ਤੇ ਕਿ ਪਦਾਰਥ ਐਨ ਡੀ, ਪੀ ਐੱਸ ਜਾਂ ਸੀ ਐੱਸ ਹੈ ਤਾਂ ਐਨ ਡੀ ਪੀ ਐੱਸ ਐਕਟ (ਜਿਵੇਂ ਲਾਗੂਹੋਣਯੋਗ ਹੋਵੇ) ਧਾਰਾ 42 ਜਾਂ 43 ਅਧੀਨ ਉਨ੍ਹਾਂ ਨੂੰ ਜ਼ਬਤ ਕੀਤਾ ਜਾਵੇ ਕਿਉਂਕਿ ਉਹ ਐਨ ਡੀ ਪੀ ਐੱਸ ਐਕਟ ਦੀ ਧਾਰਾ 60 ਅਧੀਨ ਜ਼ਬਤ ਕੀਤੇ ਜਾਣ ਯੋਗ ਹਨ। ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਐਨ ਡੀ, ਪੀ ਐਸ ਜਾਂ ਸੀ ਐੱਸ ਨੂੰ ਲਿਜਾਉਣ ਲਈ ਵਰਤਿਆ ਗਿਆ ਕੋਈ ਜਾਨਵਰ ਜਾਂ ਵਾਹਣ ਜਾਂ ਕੋਈ ਸਮੱਗਰੀ, ਉਪਕਰਣ, ਭਾਂਡੇ ਜਿਸ ਦੇ ਰਾਹੀਂ ਐਕਟ ਅਧੀਨ ਅਪਰਾਧ ਕੀਤਾ ਗਿਆ ਹੈ ਵੀ ਜ਼ਰੂਰ ਜ਼ਬਤ ਕਰ ਲੈਣਾ ਚਾਹੀਦਾ ਹੈ ਕਿਉਂਕਿ ਇਹ ਵੀ ਐਨ ਡੀ ਪੀ ਐੱਸ ਐਕਟ ਦੀ ਧਾਰਾ 60 ਅਧੀਨ ਜ਼ਬਤ ਕਰਨ ਯੋਗ ਹਨ।

**ਵਿਕਰੀ ਤੋਂ ਕੀਤੀ ਕਮਾਈ ਅਤੇ ਹੋਰ ਵਸਤੂਆਂ** :-ਜੇਕਰ ਤਲਾਸ਼ੀ ਦੀ ਕਾਰਵਾਈ ਦੌਰਾਨ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਧਨ ਪ੍ਰਾਪਤ ਹੁੰਦਾ ਹੈ ਜਿਹੜਾ ਕਿ ਐਨ ਡੀ, ਪੀ ਐੱਸ ਜਾਂ ਸੀ ਐੱਸ ਦੀ ਵਿਕਰੀ ਤੋਂ ਕੀਤੀ ਕਮਾਈ ਲੱਗੇ ਤਾਂ ਉਸ ਨੂੰ ਉਸ ਧਨ ਨੂੰ ਜ਼ਬਤ ਕਰ ਲੈਣਾ ਚਾਹੀਦਾ ਹੈ ਕਿਉਂਕਿ ਇਸ ਨੂੰ ਧਾਰਾ 62 ਅਧੀਨ ਜ਼ਬਤ ਕੀਤਾ ਜਾ ਸਕਦਾ ਹੈ। ਹੋਰ ਸਮੱਗਰੀ ਭਾਵੇਂ ਉਹ ਕਾਨੂੰਨੀ ਕਿਉਂ ਨਾ ਹੋਵੇ, ਜੇ ਕਰ ਐਨ ਡੀ, ਪੀ ਐੱਸ ਜਾਂ ਸੀ ਐੱਸ ਜਾਂ ਨਸ਼ੀਲੇ ਪੌਦਿਆਂ ਦੇ ਨਾਲ ਮਿਲੀ ਹੋਵੇ, ਵੀ ਜ਼ਬਤ ਕੀਤੇ ਜਾਣ ਯੋਗ ਹੁੰਦੀ ਹੈ। ਇਸ ਨਾਲ ਮਿਲੇ ਸਾਰੇ ਮਹੱਤਵਪੂਰਨ (ਸਬੰਧਤ) ਦਸਤਾਵੇਜ਼ ਨੂੰ ਵੀ ਜ਼ਰੂਰ ਜ਼ਬਤ ਕਰਨਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਵਰਤੋਂ ਮੁਕੱਦਮੇ ਵਿਚ ਸਬੂਤ ਵਜੋਂ ਕੀਤੀ ਜਾ ਸਕਦੀ ਹੈ ਅਤੇ ਉਹ ਅਦਾਲਤ ਨੂੰ ਕਬਜ਼ੇ ਹੇਠਲੀ ਵਸਤੂ,

ਅਪਰਾਧਕ ਮੰਸ਼ਾ, ਲੇਖਕ ਬਾਰੇ, ਸਰੋਤ ਤੱਤਾਂ ਆਦਿ ਦੀ ਪ੍ਰਮਾਣਿਕਤਾ ਦਾ ਕਿਆਸ ਲਗਾਉਣ ਵਿਚ ਮਦਦ ਕਰੇਗੀ, ਜਦੋਂ ਤੱਕ ਇਸ ਦਾ ਵਿਪਰੀਤ ਪੱਖ ਸਾਬਿਤ ਨਹੀਂ ਹੁੰਦਾ।

ਜੇਕਰ ਐਨ ਡੀ, ਪੀ ਐੱਸ ਜਾਂ ਸੀ ਐੱਸ ਵਿਸ਼ੇਸ਼ ਤੌਰ ਤੇ ਬਣਾਏ ਕਿਸੇ ਡੱਬੇ/ਬਰਤਨ/ਵਸਤੂ ਵਿਚ ਛੁਪਾ ਕੇ ਰੱਖੇ ਹੋਣ ਤੇ ਮਿਲਦੇ ਹਨ ਤਾਂ ਉਨ੍ਹਾਂ ਨੂੰ ਵੀ ਜ਼ਬਤ ਕਰ ਲੈਣਾ ਚਾਹੀਦਾ ਹੈ ਕਿਉਂਕਿ ਇਹ ਵੀ ਐਨ ਡੀ ਪੀ ਐੱਸ ਐਕਟ ਦੀ ਧਾਰਾ 61 ਅਧੀਨ ਜ਼ਬਤ ਕਰਨ ਯੋਗ ਹਨ ਅਤੇ ਇਨ੍ਹਾਂ ਦੀ ਵਰਤੋਂ ਮੁਕੱਦਮੇ ਦੇ ਪੱਖ ਵਿਚ ਸਬੂਤਾਂ ਅਤੇ ਅਪਰਾਧਕ ਮੰਸ਼ਾ ਵਜੋਂ ਕੀਤੀ ਜਾਵੇਗੀ।

**ਵੀਡੀਓ :** - ਕਈ ਵਾਰ ਗਵਾਹ ਅਤੇ ਸੰਦੇਹਜਨਕ ਵਿਅਕਤੀ, ਮੁਕੱਦਮੇ ਦੌਰਾਨ ਤਲਾਸ਼ੀ ਲੈਣ ਵਾਲੀ ਟੀਮ ਉਤੇ ਧੋਖੇਬਾਜ਼ੀ ਦਾ ਇਲਜ਼ਾਮ ਲਗਾਉਂਦੇ ਹਨ ਕਿ ਉਹ ਜ਼ਬਤੀ (ਪ੍ਰਾਪਤੀ) ਵੇਲੇ ਉਥੇ ਮੌਜੂਦ ਨਹੀਂ ਸਨ। ਅਜਿਹੀ ਸਥਿਤੀ ਤੋਂ ਬਚਣ ਲਈ, ਤਲਾਸ਼ੀ ਦੌਰਾਨ ਪ੍ਰਾਪਤ ਕਰਨ ਅਤੇ ਛੁਪਾਉਣ ਦੇ ਸਾਰੇ ਢੰਗਾਂ ਦੀ ਜੇਕਰ ਸੰਭਵ ਹੋਵੇ ਨਾਲੋ ਨਾਲ ਵੀਡੀਓਗ੍ਰਾਫੀ ਕਰਨੀ ਚਾਹੀਦੀ ਹੈ ਜਿਸ ਵਿਚ ਮਾਲਕ/ਕਾਬਜ਼ ਅਤੇ ਗਵਾਹਾਂ ਦੀ ਮੌਜੂਦਗੀ ਨੂੰ ਰਿਕਾਰਡ ਕਰਨਾ ਚਾਹੀਦਾ ਹੈ। ਇਹ ਬਾਅਦ ਵਿਚ ਅਦਾਲਤੀ ਕਾਰਵਾਈ ਦੌਰਾਨ ਇਕ ਨਿਵਾਰਕ ਵਜੋਂ ਕੰਮ ਕਰਦਾ ਹੈ।

# ਅਧਿਆਇ - 7

## ਨਸ਼ੀਲੀਆਂ ਦਵਾਈਆਂ (ਡ੍ਰੱਗਸ) ਦੀ ਸ਼ਨਾਖਤ ਅਤੇ ਫੀਲਡ ਜਾਂਚ

ਜਾਂਚ ਅਧਿਕਾਰੀ (ਡੀ ਐਲ ਈ ਓ) ਦਾ ਮੁਖ ਕਾਰਜ ਨਸ਼ੀਲੀਆਂ ਦਵਾਈਆਂ (ਐਨ ਡੀ), ਨਸ਼ੀਲੇ ਪਦਾਰਥਾਂ (ਸਾਈਕੋਟ੍ਰਾਪਿਕ ਸਬਸਟਾਂਸਿਸ) ਅਤੇ ਕੰਟਰੋਲ (ਨਿਯੰਤ੍ਰਿਤ) ਪਦਾਰਥਾਂ ਦੇ ਅਵੈਧ ਵਪਾਰ ਨੂੰ ਰੋਕਣਾ ਅਤੇ ਠੱਲ ਪਾਉਣਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਜਾਂਚ ਅਧਿਕਾਰੀ (ਡੀ ਐਲ ਈ ਓ) ਇਸ ਦੀ ਪਛਾਣ ਕਰੇ ਕਿ ਪਦਾਰਥ ਐਨ ਡੀ, ਪੀ ਐੱਸ ਜਾਂ ਸੀ ਐੱਸ ਹੈ। ਹੇਠਾਂ ਦਿੱਤਾ ਗਿਆ ਹੈ ਕਿ ਇਨ੍ਹਾਂ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ।

**ਨਸ਼ੀਲੀਆਂ ਦਵਾਈਆਂ :-** ਇਹ ਪੌਦਾ-ਅਧਾਰਤ ਹੁੰਦੀਆਂ ਹਨ ਅਤੇ ਇਹ ਰਵਾਇਤੀ ਹਨ। ਭਾਰਤੀ ਸੰਦਰਭ ਵਿਚ ਚਰਸ ਬੂਟਾ, ਅਫੀਮ, ਪੋਸਤ ਦਾ ਬੂਟਾ ਅਤੇ ਇਨ੍ਹਾਂ ਬੂਟਿਆਂ ਤੋਂ ਪ੍ਰਾਪਤ ਕੀਤਾ ਡ੍ਰਗ ਆਮ ਕਰਕੇ ਵੇਖਣ ਵਿਚ ਆਉਂਦਾ ਹੈ। ਚਰਸ, ਗਾਂਜਾ ਬੂਟੇ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਗਾਂਜਾ, ਚਰਸ (ਹਸ਼ੀਸ਼) ਦੀ ਆਮ ਕਰਕੇ ਦੁਰਵਰਤੋਂ ਕੀਤੀ ਜਾਂਦੀ ਹੈ ਜਿਹੜੇ ਕਿ ਦੇਸ਼ ਦੇ ਹਰ ਹਿੱਸੇ ਵਿਚ ਉਪਲੱਬਧ ਹਨ। ਇਸੇ ਤਰ੍ਹਾਂ ਅਫੀਮ, ਮਾਰਫੀਨ, ਹੈਰੋਇਨ (ਬ੍ਰਾਊਨ ਸ਼ੂਗਰ) ਅਫੀਮ ਪੋਸਤ ਤੋਂ ਹਾਸਲ ਕੀਤੇ ਮੁੱਖ ਨਸ਼ੀਲੇ ਪਦਾਰਥ ਹਨ। ਕਾਨੂੰਨੀ ਤੌਰ ਤੇ ਕਿਹਾ ਜਾਵੇ ਤਾਂ ਧਾਰਾ 2 (xiv) ਅਨੁਸਾਰ ਨਸ਼ੀਲੇ ਪਦਾਰਥ ਦਾ ਭਾਵ ਹੈ ਕੋਕੋ ਲੀਫ (coco leaf) ਚਰਸ (ਹੈਂਪ), ਅਫੀਮ, ਪੋਸਤ ਤਿਨਕਾ (ਸਟ੍ਰਾਅ) ਭੁੱਕੀ (poppy straw) ਅਤੇ ਉਹ ਸਾਰੀਆਂ ਉਤਪਾਦਤ ਵਸਤੂਆਂ ਜੋ ਕਿ ਕੋਕੋ ਤੋਂ ਬਣੀਆਂ ਔਸ਼ਧ ਚਰਸ, ਅਫੀਮ ਤੋਂ ਬਣੀਆਂ ਵਸਤੂਆਂ ਅਤੇ ਪੋਸਤ ਤਿਨਕੇ ਦਾ ਸਤ (poppy straw concentrate) ਹਨ।

**ਨਸ਼ੀਲੇ ਪਦਾਰਥ :-** ਇਸ ਸਿਰਲੇਖ ਅਧੀਨ ਧਾਰਾ 2 (xxiii) ਵਿਚ ਆਉਂਦੇ ਪਦਾਰਥਾਂ ਦੀ ਵਿਆਖਿਆ ਕਿਸੇ ਵੀ ਅਜਿਹੇ ਪਦਾਰਥ ਵਜੋਂ ਕੀਤੀ ਜਾਂਦੀ ਹੈ ਜਿਹੜਾ ਕਿ ਐਨ ਡੀ ਪੀ ਐੱਸ ਐਕਟ ਦੇ ਸ਼ਡਿਊਲ ਵਿਚ ਨਿਰਧਾਰਤ ਪਦਾਰਥ ਜਾਂ ਸਮੱਗਰੀ ਤੋਂ ਤਿਆਰ ਜਾਂ ਉਸ ਦੇ ਕਿਸੇ ਤੱਤ (ਸਾਲਟ) ਜਾਂ ਕੁਦਰਤੀ ਜਾਂ ਸਿੰਥੈਟਿਕ ਤੌਰ ਤੇ ਉਸ ਤੋਂ ਤਿਆਰ ਕੀਤਾ ਗਿਆ ਹੋਵੇ। ਇਸ ਸ਼ਡਿਊਲ(ਸੂਚੀ) ਵਿਚ 120 ਕਿਸਮਾਂ ਅਤੇ ਉਨ੍ਹਾਂ ਦੇ ਸਾਲਟ (ਤੱਤ) ਅਤੇ ਉਸ ਤੋਂ ਤਿਆਰ ਕੀਤੀਆਂ ਵਸਤੂਆਂ ਸ਼ਾਮਲ ਹਨ। ਫਿਰ ਵੀ, ਵਿਸਤ੍ਰਿਤ ਹਵਾਲੇ ਅਤੇ ਨਸ਼ੀਲੀਆਂ

ਵਸਤੂਆਂ ਅਤੇ ਨਸ਼ੀਲੇ ਪਦਾਰਥਾਂ ਦੀ ਥੋੜ੍ਹੀ ਮਾਤਰਾ ਅਤੇ ਵਧੇਰੇ ਮਾਤਰਾ ਲਈ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਮਿਤੀ 19-10-2001 ਦੀ ਅਧਿਸੂਚਨਾ ਨੰ. ਐੱਸ ਓ 1055 (ਈ), ਅਪਡੇਟ ਕੀਤੀਆਂ ਐਡੀਸ਼ਨਾਂ ਸਮੇਤ, ਜੇਕਰ ਕੋਈ ਹਨ, ਵੇਖਣੀ ਚਾਹੀਦੀ ਹੈ।

**ਕੰਟਰੋਲਡ (ਨਿਯੰਤ੍ਰਿਤ) ਪਦਾਰਥ)** : - ਨਿਯੰਤ੍ਰਿਤ (ਕੰਟਰੋਲਡ) ਪਦਾਰਥਾਂ ਲਈ ਤਿੰਨ ਸ਼ਡਿਊਲ(ਸੂਚੀ) ਏ, ਬੀ ਅਤੇ ਸੀ ਹਨ। ਸ਼ਡਿਊਲ ਏ ਅਧੀਨ ਪੰਜ ਵਸਤੂਆਂ - ਐਸਟਿਕ ਐਨਹਾਈਡ੍ਰਾਈਡ (ਇਸ ਨਾਲ ਹੈਰੋਇਨ ਬਣਦੀ ਹੈ), ਐਨ-ਐਸੀਟਾਈਲ ਐਨਥ੍ਰੇਨਿਲਿਕ ਐਸਿਡ (N acetyl Anthranilic acid) ਐਨਥ੍ਰੇਨਿਲਿਕ ਐਸਿਡ (Anthranlic Acid) (ਮੈਥਾਕੁਏਲੋਨ ਇਨ੍ਹਾਂ ਦੋਹਾਂ ਤੋਂ ਬਣਦੀ ਹੈ) (precursor) ਅਤੇ ਐਫਰਡਾਈਨ ਅਤੇ ਸਿਊਡੋਫੈਡਾਰੀਨ (Epherdine and Pseudoephedrine) (ਐਫੇਟਾਮਾਈਨ/ਏਟੀਐੱਸ ਇਸ ਤੋਂ ਬਣਦੀ ਹੈ) ਇਨ੍ਹਾਂ ਦੇ ਉਤਪਾਦਨ, ਵੰਡ, ਵਿਕਰੀ, ਆਯਾਤ, ਨਿਰਯਾਤ ਅਤੇ ਖਪਤ ਦਾ ਨਿਯੰਤ੍ਰਣ ਰਜਿਸਟ੍ਰੇਸ਼ਨ ਅਤੇ ਸਮੇਂ-ਸਮੇਂ ਤੇ ਅਧਿਕਾਰ ਖੇਤਰ ਦੇ ਜ਼ੋਨਲ ਡਾਇਰੈਕਟਰ, ਐਨ ਸੀ ਬੀ ਪਾਸ ਦਾਇਰ ਕੀਤੀਆਂ ਰਿਪੋਟਾਂ ਅਤੇ ਰਿਟਰਨਾਂ ਰਾਹੀਂ ਕੀਤਾ ਜਾਂਦਾ ਹੈ। ਸ਼ਡਿਊਲ ਬੀ ਅਤੇ ਸੀ ਵਿਚ 14 ਅਜਿਹੇ ਪਦਾਰਥ ਸ਼ਾਮਲ ਹਨ ਜਿਨ੍ਹਾਂ ਦੇ ਆਯਾਤ ਅਤੇ ਨਿਰਯਾਤ ਲਈ ਨਾਰਕੋਟਿਕਸ ਕਮਿਸ਼ਨਰ, ਗਵਾਲੀਅਰ ਤੋਂ ਐਨ ਓ ਸੀ (ਕੋਈ ਇਤਰਾਜ਼ ਨਹੀਂ) ਸਰਟੀਫਿਕੇਟ ਲੈਣਾ ਜ਼ਰੂਰੀ ਹੈ।

**ਸ਼ਨਾਖਤ** :- ਕੁਦਰਤੀ ਨਸ਼ੀਲੇ ਪਦਾਰਥ ਜਿਵੇਂ ਕਿ ਗਾਂਜਾ, ਚਰਸ, ਅਫੀਮ, ਪੋਸਤ ਦੀ ਸ਼ਨਾਖਤ (ਪਛਾਣ) ਉਨ੍ਹਾਂ ਦੇ ਰੰਗ, ਰਚਨਾ ਅਤੇ ਖੁਸ਼ਬੋ ਤੋਂ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਪਰ ਅੱਜਕੱਲ੍ਹ ਦੁਰਵਰਤੋਂ ਕੀਤੇ ਜਾਂਦੇ ਕਈ ਡਰੱਗਜ਼ ਰਿਫਾਈਨਡ ਕੀਤੇ ਅਤੇ ਪ੍ਰਾਸੈੱਸ ਕੀਤੇ ਪਦਾਰਥ ਹੁੰਦੇ ਹਨ ਅਤੇ ਇਨ੍ਹਾਂ ਦਾ ਵਿਤਰਣ ਵਧੇਰੇ ਸਫੈਦ, ਹਲਕੇ ਲਸੂੜੀ ਰੰਗ (off white) ਜਾਂ ਬ੍ਰਾਊਨ ਪਾਊਡਰ, ਕ੍ਰਿਸਟਲ (ਰਵਾ) ਜਾਂ ਪੇਪੜੀ (ਫਲੇਕ) ਜਾਂ ਗੰਧਹੀਣ ਰੰਗਹੀਣ ਤਰਲ ਦੇ ਰੂਪ ਵਿਚ ਹੁੰਦਾ ਹੈ। ਪਦਾਰਥ ਦੀ ਪਛਾਣ ਡਰੱਗ ਵਜੋਂ ਕਰਨੀ ਬਹੁਤ ਔਖੀ ਹੈ ਜਦੋਂ ਤੱਕ ਕਿ ਇਸ ਦੀ ਜਾਂਚ ਵੱਖ-ਵੱਖ ਪ੍ਰਤਿਕਰਮਕ (reagents) ਨਾਲ ਨਾ ਕੀਤੀ ਜਾਵੇ।

ਹੇਠ ਲਿਖੇ ਦਿੱਤੇ ਕੁਝ ਚਿੱਤਰ (visuals) ਜਾਂਚ ਅਧਿਕਾਰੀ (ਡੀ ਐਲ ਈ ਓ) ਦੀ ਜਾਣ-ਪਛਾਣ ਉਨ੍ਹਾਂ ਵਸਤੂਆਂ ਨਾਲ ਕਰਵਾਉਣਗੇ ਜਿਸ ਨਾਲ ਉਸ ਨੂੰ ਡਰੱਗ ਕਾਨੂੰਨ ਲਾਗੂਕਰਨ ਦੌਰਾਨ ਨਜਿੱਠਣਾ ਪਵੇਗਾ : -

## ਕੁਝ ਆਮ ਤੌਰ ਤੇ ਵਰਤੇ ਜਾਂਦੇ ਡਰੱਗਜ਼ਦੇ ਚਿੱਤਰ

## VISUALS OF FEW COMMONLY ABUSED DRUGS



CANNABIS SATIVA



OPIUM POPPY



COCOA



SYNTHETIC DRUGS

**OPIUM**





ਅਫੀਮ

ਨਸ਼ਤਰ ਤੇ ਅਫੀਮ ਇੱਕਠੀ ਕਰਦੇ ਹੋਏ







ਭੰਗ, ਹਸ਼ੀਸ਼ ਆਦਿ

## ਕੋਕੀਨ




COCA FLAKES



COCAINE FREEBASE




PURE HEROIN - S W ASIA



BROWN SUGER - INDIA



BLACK TAR HEROIN MEXICO

## ਹੈਰੋਇਨ

## BARBITURATES

- Producers of eternal sleep !!!
- effect from sleep, sedation to anaesthesia
- Seconal for ST, amytal MT and nembutal for LT impact duration
- thiopental as "truth serum" in Narco-analysis
- Adolf Hitler, Marilyn Monroe




## LSD



## Amphetamines





## BENZODIAZEPINES

- Anti anxiety pills !!!
- CNS depressants
- treating anxiety, insomnia, agitation & seizures
- Alprazolam, lorazepam ST, rohypnol MT and diazepam (valium) for LT effects



ALPRAZOLAM



DIAZEPAM



ROHYPNOL


UNODC
Synthetic cannabinoids
Synthetic cathinones
Other substances
Ketamine
NPS
Categories of new psychoactive substances sold in the market
Plant-based substances
Phenethylamines
Piperazines
Make health your "new high" in life - not drugs.

ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਇਸ ਤੱਥ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ ਕਿ ਪ੍ਰਯੋਗਸ਼ਾਲਾ ਵਿਚ ਡਰੱਗ ਸ਼ਨਾਖਤ (ਪਛਾਣ) ਪ੍ਰਕ੍ਰਿਆ ਵਿਚ ਤਿੰਨ ਤੋਂ ਪੰਜ ਵੱਖੋ ਵੱਖਰੇ ਕਿਸਮ ਦੇ ਵਿਸ਼ਲੇਸ਼ਣ ਸ਼ਾਮਲ ਹੁੰਦੇ ਹਨ ਅਤੇ ਜਾਂਚ (ਟੈਸਟ) ਕਰ ਰਿਹਾ ਕੈਮੀਕਲ ਐਗਜ਼ਾਮੀਨਰ (ਜਾਂਚਕਾਰ) ਯੋਗਤਾ ਪ੍ਰਾਪਤ ਸਰਕਾਰੀ ਵਿਗਿਆਨਕ ਮਾਹਰ ਹੈ ਜਿਸ ਦੀ ਰਾਇ ਅਦਾਲਤ ਵੱਲੋਂ ਸੀ ਆਰ ਪੀ ਸੀ ਦੀ ਧਾਰਾ 293 ਅਧੀਨ ਸਬੂਤ ਵਜੋਂ ਮੰਨੀ ਜਾਂਦੀ ਹੈ।

ਕਿਉਂਕਿ ਐਨ ਡੀ ਪੀ ਐੱਸ ਐਕਟ ਅਧੀਨ ਸਖਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ ਇਸ ਲਈ ਜਾਂਚ ਅਧਿਕਾਰੀ (ਡੀ ਐਲ ਈ ਓ) ਕੋਲ ਇਹ ਵਿਸ਼ਵਾਸ ਕਰਨ ਦਾ ਉਚਿਤ ਕਾਰਣ ਹੋਣਾ ਚਾਹੀਦਾ ਹੈ ਕਿ ਸਥਾਨ/ਵਿਅਕਤੀ /ਵਾਹਣ ਆਦਿ ਤੋਂ ਪ੍ਰਾਪਤ ਹੋਇਆ ਪਦਾਰਥ ਐਨ ਡੀ, ਪੀ ਐੱਸ ਜਾਂ ਸੀ ਐੱਸ ਹੈ। ਆਮ ਕਰਕੇ, ਜੇਕਰ ਜਾਂਚ ਅਧਿਕਾਰੀ (ਡੀ ਐਲ ਈ ਓ) ਪਹਿਲਾਂ ਤੋਂ ਪ੍ਰਾਪਤ ਇਤਲਾਹ ਜਾਂ ਲੰਮੇ ਸਮੇਂ ਤੋਂ ਕੀਤੀ ਨਿਗਰਾਨੀ ਤੋਂ ਬਾਅਦ ਅਤੇ ਸੂਚਨਾ ਇਕੱਠੀ ਕਰਨ ਤੋਂ ਬਾਅਦ ਕਾਰਵਾਈ ਕਰਦਾ ਹੈ ਅਤੇ ਉਸ ਨੂੰ ਸੰਦੇਹਜਨਕ ਪਦਾਰਥ ਬਾਰੇ ਪਤਾ ਹੈ ਤਾਂ ਉਸ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਸ ਵਿਅਕਤੀ, ਜਿਸ ਦੇ ਕਬਜ਼ੇ ਵਿਚ ਉਹ ਸੰਦੇਹਜਨਕ ਪਦਾਰਥ ਹੈ, ਨੂੰ ਉਸ ਦੀ ਪਛਾਣ ਬਾਰੇ ਪੁੱਛੇ ਅਤੇ ਰਿਕਵਰੀ ਮੀਮੋ /ਪੰਚਨਾਮੇ ਵਿਚ ਉਸ ਵਿਅਕਤੀ ਵੱਲੋਂ ਪਦਾਰਥ ਦੀ ਪਛਾਣ ਸਬੰਧੀ ਕੀਤੇ ਐਲਾਨ ਨੂੰ ਦਰਜ ਕਰੇ ਕਿ ਸੰਦੇਹਜਨਕ ਪਦਾਰਥ ਐਨ ਡੀ, ਪੀ ਐੱਸ ਜਾਂ ਸੀ ਐੱਸ ਹੈ।

**ਡਰੱਗ ਭਾਲ (ਡਿਟੈਕਸ਼ਨ) ਕਿਟ** : - ਇਹ ਕਿਟਾਂ ਡੀ ਐੱਲ ਈ ਓ ਵਿਚ ਉਚਿਤ ਵਿਸ਼ਵਾਸ ਪੈਦਾ ਕਰਨ ਵਿਚ ਸਹਾਈ ਹੁੰਦੀਆਂ ਹਨ ਕਿ ਉਹ ਪਦਾਰਥ ਡਰੱਗ ਹੈ। ਕਿਟ ਇਕ ਛੋਟਾ ਜਿਹਾ ਕੇਸ(ਡੱਬਾ) ਹੁੰਦਾ ਹੈ ਜਿਸ ਵਿਚ ਕਿ ਵੱਖ ਵੱਖ ਪ੍ਰਤੀਕਰਮਕ (reagents) ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਪ੍ਰਾਪਤ ਹੋਏ ਪਦਾਰਥ ਦੀ ਥੋੜ੍ਹੀ ਜਿਹੀ ਮਾਤਰਾ ਨੂੰ ਜਾਂਚ ਕਰਨ ਲਈ ਅਤੇ ਸੰਦੇਹਜਨਕ ਪਦਾਰਥ ਦੇ ਪ੍ਰਤੀਕਰਮਕਾਂ ਨਾਲ ਹੋਈ (ਰਸਾਇਣਕ) ਪ੍ਰਤਿਕ੍ਰਿਆ ਦੇ ਨਤੀਜੇ ਵਜੋਂ ਰੰਗ ਵਿਚ ਆਈ ਤਬਦੀਲੀ ਦੇ ਆਧਾਰ ਤੇ ਪਦਾਰਥ ਦੀ ਕਿਸਮ ਦਾ ਨਿਰਧਾਰਣ ਕਰਨ ਲਈ ਕੀਤੀ

ਜਾਂਦੀ ਹੈ। ਅੱਜਕੱਲ੍ਹ ਤਿੰਨ ਕਿਸਮ ਦੀਆਂ ਜਾਂਚ ਕਿਟਾਂ ਦੀ ਵਰਤੋਂ ਕੀਤੀ ਜਾਂਦੀ ਹੈ : ਨਾਰਕੋਟਿਕ ਡਰੱਗਜ਼ਕਿਟ ਜਿਸ ਦੀ ਵਰਤੋਂ ਰਵਾਇਤੀ ਨਸ਼ੀਲੇ ਪਦਾਰਥਾਂ ਜਿਵੇਂ ਗਾਂਜਾ, ਚਰਚ, ਅਫੀਮ, ਹੈਰੋਇਨ, ਕੋਕੀਨ ਅਤੇ ਇਸ ਕਿਸਮ ਦੇ ਪਦਾਰਥਾਂ ਦੀ ਜਾਂਚ ਲਈ ਕੀਤੀ ਜਾਂਦੀ ਹੈ; ਪ੍ਰੀਕਰਸਰ ਕੈਮੀਕਲਜ਼ਕਿਟ ਜਿਸ ਦੀ ਵਰਤੋਂ ਐਸੇਟਿਕ ਐਨਹਿਡਰਾਈਡ, ਐਫਰਡਾਈਨ (Epherdine), ਸੀਊਡੋਫੈਡਰਾਈਨ (Pseudoephedrine) ਆਦਿ ਦੀ ਜਾਂਚ ਲਈ ਅਤੇ ਕੈਟਾਮਾਈਨ ਕਿਟ । ਇਹ ਸਾਰੀਆਂ ਕਿਟਾਂ ਯੂਜ਼ਰ (ਵਰਤੋਂਕਾਰ) ਲਈ ਬਹੁਤ ਸਹਾਈ ਅਤੇ ਸੌਖੀਆਂ ਹੁੰਦੀਆਂ ਹਨ ਅਤੇ ਇਸ ਵਿਚ ਹਦਾਇਤਾਂ ਸਬੰਧੀ ਪਰਚਾ ਹੁੰਦਾ ਹੈ ਜੋ ਕਿ ਵਰਤੋਂਕਾਰ ਨੂੰ ਉਚਿਤ ਨਤੀਜਾ ਕੱਢਣ ਲਈ ਸੇਧ ਪ੍ਰਦਾਨ ਕਰਦਾ ਹੈ। ਇਹ ਜ਼ਰੂਰੀ ਹੈ ਕਿ ਜਾਂਚ ਅਧਿਕਾਰੀ (ਡੀ ਐਲ ਈ ਓ) ਜਾਂਚ ਕਰੇ, ਨਤੀਜੇ ਵਜੋਂ ਪ੍ਰਾਪਤ ਰੰਗ ਦਾ ਮਿਲਾਣ ਕਰੇ ਅਤੇ ਉਚਿਤ ਵਿਸ਼ਵਾਸ ਰੱਖੇ ਕਿ ਪਦਾਰਥ, ਡਰੱਗ ਲਈ ਸਾਕਾਰਾਤਮਕ ਸਹੀ ਰੰਗ ਦੇਵੇ। ਇਸ ਪ੍ਰਕ੍ਰਿਆ ਨੂੰ ਪੰਚਨਾਮੇ ਵਿਚ ਦਰਜ ਕਰਨਾ ਚਾਹੀਦਾ ਹੈ।

ਕਿਉਂਕਿ ਟੈਸਟ (ਜਾਂਚ) ਕੇਵਲ ਸੰਕੇਤਾਤਮਕ ਹੁੰਦੇ ਹਨ ਇਸ ਲਈ ਇਸ ਦੀ ਸੰਭਾਵਨਾ ਹੁੰਦੀ ਹੈ ਕਿ ਨਿਰਧਾਰਤ ਲੈਬੋਰਟਰੀ ਨਾਕਾਰਾਤਮਕ ਰਿਪੋਟ ਦੇਵੇ। ਫਿਰ ਵੀ, ਉਸ ਸਮੇਂ ਤੱਕ ਸੰਦੇਹਜਨਕ ਵਿਅਕਤੀ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੁੰਦਾ ਹੈ ਅਤੇ ਉਹ ਕੁਝ ਸਮਾਂ ਨਿਆਂਇਕ ਹਿਰਾਸਤ ਵਿਚ ਵੀ ਬਿਤਾ ਚੁੱਕਾ ਹੁੰਦਾ ਹੈ। ਜੇਕਰ ਸੰਦੇਹਜਨਕ ਵਿਅਕਤੀ ਅਣਉਚਿਤ ਅਤੇ ਗੈਰ-ਕਾਨੂੰਨੀ ਹਿਰਾਸਤ ਦਾ ਇਲਜ਼ਾਮ ਲਗਾਉਂਦਾ ਹੈ ਤਾਂ ਜਾਂਚ ਅਧਿਕਾਰੀ (ਡੀ ਐਲ ਈ ਓ) ਕੋਲ ਫੀਲਡ ਟੈਸਟ ਨਤੀਜੇ ਦੇ ਅਧਾਰ ਤੇ ਚੰਗਾ ਅਤੇ ਉਚਿਤ ਬਚਾਓ ਕਾਰਣ ਹੁੰਦਾ ਹੈ।

# ਅਧਿਆਇ-8

## ਸੈਂਪਲ ਲੈਣਾ ਅਤੇ ਸੀਲਬੰਦ ਕਰਨਾ

ਜਾਂਚ ਅਧਿਕਾਰੀ (ਡੀ ਐਲ ਈ ਓ) ਵੱਲੋਂ ਕੀਤੀ ਜਾਂਦੀ ਫੀਲਡ ਜਾਂਚ ਕੇਵਲ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਪ੍ਰਾਪਤ ਹੋਇਆ ਪਦਾਰਥ ਐਨ ਡੀ, ਪੀ ਐੱਸ ਜਾਂ ਸੀ ਐੱਸ ਹੈ ਅਤੇ ਇਹ ਅਦਾਲਤ ਵਿੱਚ ਸਬੂਤ ਨਹੀਂ ਮੰਨੀ ਜਾਂਦੀ। ਕੇਵਲ ਘੋਸ਼ਿਤ ਸਰਕਾਰੀ ਵਿਗਿਆਨਕ ਮਾਹਰ ਹੀ ਨਿਰਧਾਰਤ ਲੈਬੋਰਟਰੀ ਵਿਚ ਜਾਂਚ ਨਤੀਜਿਆਂ ਦੇ ਅਧਾਰ ਤੇ ਇਸ ਦੀ ਪੁਸ਼ਟੀ ਕਰ ਸਕਦਾ ਹੈ। ਇਕ ਵਾਰ ਜਦੋਂ ਉਹ ਇਸ ਸਬੰਧੀ ਪੁਸ਼ਟੀ ਅਦਾਲਤ ਵਿਚ ਦੇ ਦਿੰਦਾ ਹੈ ਤਾਂ ਇਸ ਨੂੰ ਸਬੂਤ ਵਜੋਂ ਵਿਚਾਰ ਕਰਨ ਲਈ ਪ੍ਰਵਾਨ ਕਰ ਲਿਆ ਜਾਂਦਾ ਹੈ। ਇਸ ਲਈ ਇਹ ਮਹੱਤਵਪੂਰਣ ਹੈ ਕਿ ਜ਼ਬਤ ਕੀਤੇ ਪਦਾਰਥਾਂ ਤੋਂ ਨੁਮਾਇੰਦਾ ਨਮੂਨੇ (ਸੈਂਪਲ) ਲਏ ਜਾਣ ਅਤੇ ਇਨ੍ਹਾਂ ਨੂੰ ਨਿਰਧਾਰਤ ਲੈਬੋਰਟਰੀਆਂ ਵਿਚ ਰਸਾਇਣਕ ਵਿਸ਼ਲੇਸ਼ਣ ਅਤੇ ਜ਼ਬਤ ਕੀਤੇ ਪਦਾਰਥਾਂ ਵਿਚ ਐੱਨ ਡੀ, ਪੀ ਐੱਸ ਜਾਂ ਸੀ ਐੱਸ ਦੀ ਮੌਜੂਦਗੀ ਦੀ ਪੁਸ਼ਟੀ ਕਰਦੀ ਰਿਪੋਟ ਲਈ ਅਜਿਹੇ ਮਾਹਰਾਂ ਕੋਲ ਭੇਜਿਆ ਜਾਵੇ। ਇਹ ਵੀ ਮਹੱਤਵਪੂਰਣ ਹੈ ਕਿ ਪ੍ਰਾਪਤ ਹੋਏ ਪਦਾਰਥਾਂ ਅਤੇ ਨਮੂਨਿਆਂ ਨੂੰ ਸਹੀ ਅਤੇ ਨਿਸ਼ਚਿਤ ਕੀਤੇ ਢੰਗ ਨਾਲ ਸੰਭਾਲਿਆ ਜਾਵੇ ਤਾਂ ਜੋ ਉਨ੍ਹਾਂ ਨੂੰ ਪ੍ਰਾਪਤ ਅਤੇ ਜ਼ਬਤ ਕਰਨ ਤੋਂ ਲੈ ਕੇ ਉਨ੍ਹਾਂ ਨੂੰ ਲੈਬੋਰਟਰੀ ਅਤੇ ਅਦਾਲਤ ਵਿਚ ਪੇਸ਼ ਕਰਨ ਤੱਕ ਸੁਰੱਖਿਅਤ ਅਤੇ ਬਿਨਾ ਕਿਸੇ ਔਕੜ ਤੋਂ ਰੱਖਿਆ ਜਾ ਸਕੇ। ਨਿਸ਼ਚਿਤ ਕੀਤੀਆਂ ਪ੍ਰਕ੍ਰਿਆਵਾਂ ਦਾ ਅਨੁਸਰਣ ਕਰਨ ਨਾਲ ਦੋਸ਼ੀ ਵਿਅਕਤੀ ਵੱਲੋਂ ਲਗਾਏ ਛੇੜ-ਛਾੜ, ਪਦਾਰਥ ਬਦਲਣ ਆਦਿ ਦੇ ਇਲਜ਼ਾਮਾਂ ਨੂੰ ਸਫਲਤਾਪੂਰਵਕ ਖ਼ਾਰਜ ਕੀਤਾ ਜਾ ਸਕਦਾ ਹੈ।

**ਨਮੂਨਾ ਇਕੱਠਾ ਕਰਨਾ :** ਨਾਰਕੋਟਿਕਸ ਕੰਟਰੋਲ ਬਿਊਰੋ ਦੀ ਮਿਤੀ 15-3-1988 ਦੀ ਸਟੈਂਡਿੰਗ ਹਦਾਇਤ 1/88 ਨਮੂਨਾ ਲੈਣ ਲਈ ਵਿਸਤ੍ਰਿਤ ਵਿਧੀ (ਪ੍ਰਕ੍ਰਿਆ) ਨੂੰ ਨਿਸ਼ਚਿਤ ਕਰਦੀ ਹੈ। ਜਾਂਚ

ਅਧਿਕਾਰੀ (ਡੀ ਐਲ ਈ ਓ) ਨੂੰ ਹੇਠ ਲਿਖੀਆਂ ਪ੍ਰਮੁੱਖ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ :-

(i) ਜੇਕਰ ਜ਼ਬਤ ਕੀਤੇ ਡਰਗਜ਼ (ਨਸ਼ੀਲੀਆਂ ਦਵਾਈਆਂ) /ਨਿਯੰਤ੍ਰਿਤ ਪਦਾਰਥ ਪੈਕਟਾਂ /ਡੱਬਿਆਂ ਵਿਚ ਮਿਲਦੇ ਹਨ ਤਾਂ ਉਨ੍ਹਾਂ ਨੂੰ ਲੜੀਵਾਰ ਨੰਬਰ ਦੇਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਪਛਾਣ ਕੀਤੀ ਜਾ ਸਕੇ।

(ii) ਜੇਕਰ ਨਸ਼ੀਲੀਆਂ ਦਵਾਈਆਂ ਨਿਯੰਤ੍ਰਿਤ ਪਦਾਰਥ ਖੁੱਲ੍ਹੇ ਰੂਪ ਵਿਚ ਮਿਲਦੇ ਹਨ ਤਾਂ ਉਨ੍ਹਾਂ ਨੂੰ ਇਕਸਾਰ ਅਕਾਰ ਦੇ ਡੱਬਿਆਂ ਵਿਚ ਰੱਖਿਆ ਜਾਣਾ ਚਾਹੀਦਾ ਹੈ ਅਤੇ ਹਰੇਕ ਪੈਕਟ/ਡੱਬੇ ਨੂੰ ਲੜੀ ਨੰਬਰ ਦਿੱਤਾ ਜਾਣਾ ਚਾਹੀਦਾ ਹੈ। ਹਰੇਕ ਪੈਕਟ ਤੇ ਡਰੱਗ ਦਾ ਕੁਲ ਭਾਰ ਅਤੇ ਵੇਰਵਾ ਅਤੇ ਜ਼ਬਤ ਕਰਨ ਦੀ ਮਿਤੀ ਜ਼ਰੂਰ ਦਰਜ ਹੋਣੀ ਚਾਹੀਦੀ ਹੈ।

(iii) ਜੇਕਰ ਪੈਕਟ ਉੱਪਰ ਇਹ ਜਾਣਕਾਰੀ ਦਰਜ ਕਰਨ ਲਈ ਉਚਿਤ ਥਾਂ ਨਹੀਂ ਹੈ ਤਾਂ ਉਸ ਉੱਪਰ ਗੱਤੇ ਦਾ ਲੇਬਲ ਚਿਪਕਾ ਦਿੱਤਾ ਜਾਣਾ ਚਾਹੀਦਾ ਹੈ ਜਿਸ ਉੱਪਰ ਜ਼ਬਤੀ ਕਰਨ ਵਾਲੇ ਅਫ਼ਸਰ ਦੀ ਸੀਲ (ਮੁਹਰ) ਹੋਵੇ ਅਤੇ ਉਸ ਉੱਪਰ ਉਪਰੋਕਤ ਵੇਰਵੇ ਦਰਜ ਕੀਤੇ ਜਾਣੇ ਚਾਹੀਦੇ ਹਨ।

(iv) ਜ਼ਬਤ ਕੀਤੇ ਡਰੱਗ/ਨਿਯੰਤ੍ਰਿਤ ਪਦਾਰਥ ਤੋਂ ਨਮੂਨੇ ਸਾਰੇ ਗਵਾਹਾਂ ਅਤੇ ਉਸ ਵਿਅਕਤੀ ਜਿਸ ਕੋਲੋਂ ਕਿ ਉਹ ਪ੍ਰਾਪਤ ਹੋਏ ਹਨ, ਜਾਂ ਮਾਲਕ/ਰਹਿਣ ਵਾਲੇ/ ਸਥਾਨ ਦੇ ਮਾਲਕ ਦੇ ਨੁਮਾਇੰਦੇ ਦੀ ਮੌਜੂਦਗੀ ਵਿਚ ਸਾਰੇ ਮਾਮਲਿਆਂ ਵਿਚ ਸਮਰੂਪ ਲਏ ਜਾਣੇ ਚਾਹੀਦੇ ਹਨ।

(v) ਸਾਰੇ ਐਨ ਡੀ ਅਤੇ ਪੀ ਐੱਸ ਦੇ ਮਾਮਲਿਆਂ ਵਿਚ, ਗਾਂਜਾ ਅਤੇ ਚਰਸ ਤੋਂ ਇਲਾਵਾ ਜਿਥੇ ਲਈ ਜਾਣ ਵਾਲੀ ਮਾਤਰਾ 24 ਗ੍ਰਾਮ ਹੈ, ਲਏ ਜਾਣ ਵਾਲੇ ਹਰੇਕ ਨੁਮਾਇੰਦਾ ਨਮੂਨੇ ਦੀ ਮਾਤਰਾ 5 ਗ੍ਰਾਮ ਹੋਣੀ ਚਾਹੀਦੀ ਹੈ। ਸੀ ਐੱਸ

ਦੇ ਮਾਮਲੇ ਵਿਚ, ਜੇਕਰ ਇਹ ਪਾਊਡਰ ਜਾਂ ਤਰਲ ਦੇ ਰੂਪ ਵਿਚ ਹਨ ਤਾਂ ਨਮੂਨੇ ਦੀ ਮਾਤਰਾ 5 ਗ੍ਰਾਮ /5 ਮਿਲੀ (ਤਰਲ) ਹੋਣੀ ਚਾਹੀਦੀ ਹੈ। ਜੇਕਰ ਉਹ ਗੋਲੀ/ਕੈਪਸੂਲ ਦੇ ਰੂਪ ਵਿਚ ਹੈ ਤਾਂ ਹਰੇਕ ਨਮੂਨੇ ਦੀ ਮਾਤਰਾ ਘੱਟੋ-ਘੱਟ 10 ਗੋਲੀਆਂ/ਕੈਪਸੂਲਾਂ ਦਾ ਇਕ ਪੱਤਾ ਹੋਣਾ ਚਾਹੀਦਾ ਹੈ।

(vi) ਕੰਟੇਨਰ ਵਿੱਚ ਜ਼ਬਤ ਕੀਤੇ ਡਰੱਗ ਨੂੰ ਚੰਗੀ ਤਰ੍ਹਾਂ ਮਿਲਾ ਲੈਣਾ ਚਾਹਿਦਾ ਹੈ ਤਾਂ ਕੀ ਨਮੂਨਾ ਸਾਰੇ ਜ਼ਬਤ ਕੀਤੇ ਡਰੱਗ ਦਾ ਨੁਮਾਇੰਦਾ ਹੋਵੇ।

**ਪੈਕਟਾਂ ਨੂੰ ਇਕੱਠਾ ਕਰਨਾ :** ਜ਼ਬਤ ਕੀਤੇ ਪੈਕਟਾਂ ਵਿਚੋਂ ਦੋ ਨੁਮਾਇੰਦਾ ਸੈਂਪਲ (ਨਮੂਨੇ) ਲੈਣਾ ਆਸਾਨ ਹੈ ਅਤੇ ਇਨ੍ਹਾਂ ਨੂੰ ਅਸਾਨੀ ਨਾਲ ਸੰਭਾਲਿਆ ਜਾ ਸਕਦਾ ਹੈ ਜੇਕਰ ਪੈਕਟਾਂ ਦੀ ਗਿਣਤੀ ਥੋੜ੍ਹੀ ਹੈ। ਪਰ, ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਅਕਸਰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਥੇ ਪ੍ਰਾਪਤ ਹੋਏ ਪੈਕਟ ਬਹੁਤ ਵੱਡੀ ਗਿਣਤੀ ਵਿਚ ਹੁੰਦੇ ਹਨ। ਜ਼ਬਤ ਕੀਤੇ ਡਰੱਗ ਦੇ ਭਰੇ ਟਰੱਕਾਂ ਵਿਚੋਂ ਦੋ ਨੁਮਾਇੰਦਾ ਨਮੂਨੇ ਲੈਣਾ ਇਕ ਲੰਬੀ ਪ੍ਰਿਕ੍ਰਿਆ ਹੋਵੇਗੀ। ਅਜਿਹੇ ਕੇਸਾਂ ਵਿਚ, ਪੈਕਟਾਂ ਨੂੰ ਵੱਖ-ਵੱਖ ਢੇਰੀਆਂ ਵਿਚ ਇਕੱਠਾ ਕੀਤਾ ਜਾਂਦਾ ਹੈ। ਇਸ ਸਬੰਧੀ ਹੇਠ ਲਿਖੇ ਦਿਸ਼ਾ ਨਿਰਦੇਸ਼ ਹਨ:-

(i) ਜਦੋਂ ਜ਼ਬਤ ਕੀਤੇ ਪੈਕਟ/ਡੱਬੇ ਇਕੋ ਹੀ ਆਕਾਰ ਅਤੇ ਭਾਰ ਦੇ ਹੋਣ, ਉਨ੍ਹਾਂ ਉਪਰ ਇਕੋ ਜਿਹੇ ਚਿੰਨ੍ਹ ਹੋਣ ਅਤੇ ਪੈਕਟ ਵਿਚ ਸਮੱਗਰੀ ਦਾ ਰੰਗ, ਬਣਾਵਟ (texture) ਇਕੋ ਜਿਹੇ ਹੋਣ ਅਤੇ ਟੈੱਸਟ ਕਿਟ ਰਾਹੀਂ ਰੰਗ ਜਾਂਚ ਕਰਨ ਤੇ ਜੇਕਰ ਉਹ ਇਕੋ ਜਿਹੇ ਨਤੀਜੇ ਦਿੰਦੇ ਹਨ ਜਿਨ੍ਹਾਂ ਦਾ ਸਿੱਟਾ ਇਹ ਸੰਕੇਤ ਦਿੰਦਾ ਹੈ ਕਿ ਇਹ ਪੈਕਟ ਹਰ ਪੱਖੋਂ ਮਿਲਦੇ- ਜੁਲਦੇ ਹਨ ਤਾਂ ਇਸੇ ਨੂੰ ਬਹੁਤ ਧਿਆਨ ਨਾਲ 10 ਪੈਕਟਾਂ/ਡੱਬਿਆਂ ਦੀ ਢੇਰੀ ਵਿਚ ਇਕੱਠਾ

ਕੀਤਾ ਜਾ ਸਕਦਾ ਹੈ ਪਰ ਗਾਂਜਾ ਅਤੇ ਚਰਸ ਦੇ ਮਾਮਲੇ ਵਿਚ ਇਨ੍ਹਾਂ ਨੂੰ 40 ਪੈਕਟਾਂ ਦੀ ਢੇਰੀ ਵਿਚ ਇਕੱਠਾ ਕੀਤਾ ਜਾਵੇ। ਨਮੂਨਾ ਲੈਣ ਦੇ ਮੰਤਵਾਂ ਲਈ, ਇਨ੍ਹਾਂ ਢੇਰੀਆਂ ਨੂੰ ਇਕ ਇਕਾਈ ਗਿਣਿਆ ਜਾਵੇਗਾ। ਕਿਸੇ ਵਿਸ਼ੇਸ਼ ਢੇਰੀ ਦੇ ਹਰੇਕ ਮੈਂਬਰ ਪੈਕਟ ਤੋਂ ਪਦਾਰਥ ਦੀ ਥੋੜ੍ਹੀ ਜਿਹੀ ਮਾਤਰਾ ਲਈ ਜਾਵੇਗੀ ਹੈ, ਇਨ੍ਹਾਂ ਨੂੰ ਚੰਗੀ ਤਰ੍ਹਾਂ ਮਿਲਾ ਕੇ ਮਿਸ਼ਰਣ ਨੂੰ ਬਿਲਕੁਲ ਇਕੋ ਜਿਹਾ (ਇਕਰੂਪ) ਕਰਕੇ ਇਸ ਵਿਚੋਂ ਦੋ ਨੁਮਾਇੰਦਾ ਨਮੂਨੇ, ਜਿਨ੍ਹਾਂ ਦੀ ਨਿਸ਼ਚਿਤ ਮਾਤਰਾ 5 ਗ੍ਰਾਮ ਜਾਂ 24 ਗ੍ਰਾਮ, ਜਿਹੋ ਜਿਹਾ ਕੇਸ ਹੋਵੇ, ਲਏ ਜਾਣੇ ਚਾਹੀਦੇ ਹਨ।

(ii) 10 ਜਾਂ 40 ਪੈਕਟਾਂ ਨੂੰ ਇਕ ਜਾਂ ਇਕ ਤੋਂ ਵੱਧ ਢੇਰੀਆਂ ਵਿਚ ਇਕੱਠਾ ਕਰਨ ਤੋਂ ਬਾਅਦ ਬਾਕੀ ਰਹਿੰਦੇ ਪੈਕਟ 5 ਜਾਂ 20 ਤੋਂ ਘੱਟ ਹਨ ਤਾਂ ਇਸ ਆਖਰੀ ਢੇਰੀ ਤੋਂ ਕੋਈ ਨੁਮਾਇੰਦਾ ਨਮੂਨੇ ਇਕੱਠੇ ਕਰਨ ਦੀ ਲੋੜ ਨਹੀਂ। ਪਰ ਜੇ ਕਰ ਗਾਂਜਾ, ਚਰਸ, ਅਫੀਮ ਤੋਂ ਇਲਾਵਾ ਹੋਰ ਡਰੱਗਜ਼ ਦੇ ਮਾਮਲੇ ਵਿਚ ਬਾਕੀ ਰਹਿੰਦੇ ਪੈਕਟ 5 ਹਨ ਜਾਂ ਗਾਂਜਾ, ਚਰਸ, ਅਫੀਮ ਦੇ ਮਾਮਲੇ ਵਿਚ 20 ਹਨ ਤਾਂ ਇਨ੍ਹਾਂ ਨੂੰ ਇਕ ਢੇਰੀ ਵਿਚ ਇਕੱਠਾ ਕੀਤਾ ਜਾਵੇਗਾ ਅਤੇ ਨੁਮਾਇੰਦਾ ਨਮੂਨੇ ਇਸ ਢੇਰੀ ਵਿਚੋਂ ਉਕਤ (1) ਵਿਚ ਦੱਸੇ ਨਿਸ਼ਚਿਤ ਢੰਗ ਅਨੁਸਾਰ ਲਏ ਜਾਣਗੇ।

(iii) ਪੈਕਟਾਂ ਨੂੰ ਕ੍ਰਮਵਾਰ ਪੀ-1 ਤੋਂ ਐਨ, ਢੇਰੀਆਂ ਨੂੰ ਐਲ 1 ਤੋਂ ਐੱਨ (ਐੱਲ-1 ਜਿਸ ਵਿਚ ਪੀ-1 ਤੋਂ ਪੀ -10 ਸ਼ਾਮਲ ਹੋਣਗੇ ਅਤੇ ਐੱਲ-2 ਜਿਸ ਵਿਚ ਪੀ -11 ਤੋਂ ਪੀ -20 ਅਤੇ ਇਸੇ ਤਰ੍ਹਾਂ ਸ਼ਾਮਲ ਹੋਣਗੇ) ਵਜੋਂ ਨੰਬਰ ਦਿੱਤਾ ਜਾਵੇਗਾ ਅਤੇ ਪੀ-1/ਐੱਲ1 ਵਿਚੋਂ ਨੁਮਾਇੰਦਾ ਨਮੂਨਿਆਂ ਨੂੰ ਦੂਹਰੇ ਰੂਪ ਵਿਚ ਐਸ ਓ -1 (ਅਸਲ ਨਮੂਨੇ ਲਈ) ਵਜੋਂ ਅਤੇ ਐੱਸ ਡੀ-1 (ਦੂਹਰੇ ਨਮੂਨੇ ਲਈ) ਵਜੋਂ ਨੰਬਰ

ਦਿੱਤਾ ਜਾਵੇਗਾ, ਪੀ-2 / ਐੱਲ-2 ਵਿਚੋਂ ਨੁਮਾਇੰਦਾ ਨਮੂਨਿਆਂ ਨੂੰ ਐੱਸ ਓ-2 ਅਤੇ ਐੱਸ ਡੀ -2 ਅਤੇ ਇਸ ਤਰ੍ਹਾਂ ਨੰਬਰ ਦਿੱਤਾ ਜਾਵੇਗਾ।

**ਸੀਲਬੰਦ ਕਰਨਾ:** ਪਦਾਰਥਾਂ ਦੇ ਨੁਮਾਇੰਦਾ ਨਮੂਨੇ ਜੇਕਰ ਉਹ ਠੋਸ ਜਾਂ ਪਾਊਡਰ ਰੂਪ ਵਿਚ ਹਨ ਤਾਂ ਉਨ੍ਹਾਂ ਨੂੰ ਛੋਟੀਆਂ ਪਲਾਸਟਿਕ ਦੀਆਂ ਥੈਲੀਆਂ ਵਿਚ ਰੱਖਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਅੱਗ ਨਾਲ ਸੀਲਬੰਦ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਨਾ ਸੌਖਾ ਅਤੇ ਸੁਰੱਖਿਅਤ ਹੈ। ਪਲਾਸਟਿਕ ਦੀ ਇਸ ਥੈਲੀ (ਪੈਕਟ) ਨੂੰ ਕਾਗਜ਼ ਦੇ ਲਿਫਾਫੇ ਵਿਚ ਰੱਖਿਆ ਜਾਣਾ ਚਾਹੀਦਾ ਹੈ ਜਿਸ ਨੂੰ ਗੂੰਦ ਨਾਲ ਚੰਗੀ ਤਰ੍ਹਾਂ ਬੰਦ ਕੀਤਾ ਜਾਣਾ ਚਾਹੀਦਾ ਹੈ। ਇਸ ਲਿਫਾਫੇ ਨੂੰ ਇਕ ਕਾਗਜ਼ ਦੀ ਸਲਿੱਪ ਉਪਰ ਜਾਂਚ ਅਧਿਕਾਰੀ (ਡੀ ਐਲ ਈ ਓ) ਦੀ ਸਰਕਾਰੀ ਮੁਹਰ ਨਾਲ ਜਿਸ ਉੱਪਰ ਗਵਾਹਾਂ, ਮਾਲਕ/ ਉਥੇ ਰਹਿਣ ਵਾਲੇ ਦੇ ਹਸਤਾਖ਼ਰ ਹੋਣ ਇਸ ਤਰ੍ਹਾਂ ਬੰਦ ਕਰਨਾ ਚਾਹੀਦਾ ਹੈ ਕਿ ਲਿਫਾਫੇ ਨੂੰ ਖਰਾਬ ਕਰੇ ਜਾਂ ਸੀਲ ਨੂੰ ਤੋੜੇ ਬਿਨਾ ਛੇੜ-ਛਾੜ ਕਰਨੀ ਸੰਭਵ ਨਾ ਹੋਵੇ। ਸੀਲ ਉਤੇ ਲਿਖਿਆ ਸਭ ਕੁਝ ਸਪੱਸ਼ਟ ਪੜ੍ਹਨਯੋਗ ਅਤੇ ਮੁਕੰਮਲ ਹੋਣਾ ਚਾਹੀਦਾ ਹੈ। ਲਿਫਾਫਿਆਂ ਉਤੇ ਲਗਾਈਆਂ ਗਈਆਂ ਸੀਲਾਂ ਦੀ ਗਿਣਤੀ ਇਕੋ ਜਿਹੀ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਟੈਸਟ ਮੀਮੋ ਵਿਚ ਦਰਸਾਇਆ ਜਾਣਾ ਚਾਹੀਦਾ ਹੈ। ਪੈਕਟ ਜਾਂ ਢੇਰੀ ਵਿਚੋਂ ਦੂਹਰੇ ਰੂਪ ਵਿਚ ਇਕੱਠੇ ਕੀਤੇ ਨਮੂਨਿਆਂ ਨੂੰ ਸਪੱਸ਼ਟ ਰੂਪ ਵਿਚ ਅਸਲ ਅਤੇ ਡੁਪਲੀਕੇਟ ਵਜੋਂ ਚਿੰਨ੍ਹਬੱਧ ਕੀਤਾ ਜਾਣਾ ਚਾਹੀਦਾ ਹੈ। ਜਦੋਂ ਨਮੂਨੇ ਲੈਣ ਦਾ ਕੰਮ ਮੁਕੰਮਲ ਹੋ ਜਾਵੇ ਤਾਂ ਜ਼ਬਤ ਕੀਤੇ ਪਦਾਰਥ ਦੇ ਹਰੇਕ ਪੈਕਟ ਨੂੰ ਪੇਪਰ ਸਲਿੱਪ ਉਤੇ ਜਾਂਚ ਅਧਿਕਾਰੀ (ਡੀ ਐਲ ਈ ਓ) ਦੀ ਮੁਹਰ ਜਿਸ ਉਪਰ ਗਵਾਹਾਂ, ਮਾਲਕ/ ਰਹਿਣ ਵਾਲੇ ਦੇ ਹਸਤਾਖ਼ਰ ਹੋਣ, ਨਾਲ ਬਹੁਤ ਹੀ ਚੰਗੀ ਤਰ੍ਹਾਂ ਇਸ ਢੰਗ ਨਾਲ ਬੰਦ ਕਰਨਾ ਚਾਹੀਦਾ ਹੈ ਕਿ ਪੈਕਟਾਂ ਨੂੰ ਨਸ਼ਟ ਕੀਤੇ ਬਿਨਾ ਜਾਂ ਸੀਲ ਨੂੰ ਤੋੜੇ ਬਿਨਾਂ ਪੈਕਟਾਂ ਨਾਲ ਛੇੜ-ਛਾੜ ਕਰਨੀ ਸੰਭਵ ਨਾ ਹੋ ਸਕੇ।

# ਅਧਿਆਇ-9

## ਤਲਾਸ਼ੀ, ਬਰਾਮਦਗੀ ਅਤੇ ਜ਼ਬਤੀ ਦਾ ਲਿਖਤੀ ਦਸਤਾਵੇਜ਼ੀਕਰਣ ਕਰਨਾ

ਪਾਬੰਦੀ ਲੱਗੇ ਪਦਾਰਥਾਂ ਦੀ ਤਲਾਸ਼ (ਭਾਲ), ਉਨ੍ਹਾਂ ਨੂੰ ਹਾਸਲ ਅਤੇ ਜ਼ਬਤ ਕਰਨਾ ਹੀ ਕਾਫੀ ਨਹੀਂ ਹੈ। ਤਲਾਸ਼ੀ ਤੋਂ ਬਾਅਦ ਹਰ ਵੇਰਵੇ ਨੂੰ ਉਚਿਤ ਲਿਖਤੀ ਰੂਪ ਦੇਣਾ ਵੀ ਜਾਂਚ ਅਧਿਕਾਰੀ (ਡੀ ਐਲ ਈ ਓ) ਦੀ ਜ਼ਿੰਮੇਵਾਰੀ ਹੈ। ਇਸ ਲਿਖਤੀ ਰੂਪ ਨੂੰ ਪੰਚਨਾਮਾ ਜਾਂ ਜ਼ਬਤੀ-ਸੂਚੀ ਜਾਂ ਮਹਾਜ਼ਰ (mahazar) ਵੀ ਕਿਹਾ ਜਾ ਸਕਦਾ ਹੈ। ਤਕਨੀਕੀ ਸ਼ਬਦਾਵਲੀ ਜਾਂ ਨਾਮਾਵਲੀ ਚਾਹੇ ਕੋਈ ਵੀ ਹੋਵੇ, ਇਹ ਇਕ ਅਧਾਰ ਵਜੋਂ ਕੰਮ ਕਰੇਗਾ ਜਿਸ ਉੱਪਰ ਬਾਅਦ ਵਿਚ ਅਦਾਲਤ ਦੇ ਸਾਹਮਣੇ ਸਾਰਾ ਕੇਸ ਨਿਰਭਰ ਕਰੇਗਾ। ਇਹ ਉਹ ਦਸਤਾਵੇਜ਼ ਹੈ ਜੋ ਕਿ ਦੱਸਦਾ ਹੈ ਕਿ ਕੀ ਜਾਂਚ ਅਧਿਕਾਰੀ (ਡੀ ਐਲ ਈ ਓ) ਨੇ ਅਪਰਾਧ ਦੀ ਸੂਹ ਲੈਣ ਦੌਰਾਨ ਅਤੇ ਕੁਝ ਵਿਅਕਤੀਆਂ ਨੂੰ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਜੋਂ ਕਰਾਰ ਦੇਣ ਸਮੇਂ ਖੁਦ ਵੀ ਨਿਯਮਾਂ ਦਾ ਅਨੁਸਰਣ ਕੀਤਾ ਅਤੇ ਕਾਨੂੰਨੀ ਪ੍ਰਕ੍ਰਿਆ ਅਨੁਸਾਰ ਹੀ ਸਭ ਇਕੱਠਾ ਕੀਤਾ ਜਾਂ ਨਹੀਂ।

**ਕਿੱਥੋਂ ਅਰੰਭ ਕੀਤਾ ਜਾਵੇ:** ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਇਹ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਤਲਾਸ਼ੀ ਦੀ ਪ੍ਰਕ੍ਰਿਆ ਉਦੋਂ ਹੀ ਅਰੰਭ ਹੋ ਜਾਂਦੀ ਹੈ ਜਦੋਂ ਹੀ ਉਹ ਸੰਦੇਹਜਨਕ ਸਥਾਨ ਦੇ ਦਰਵਾਜ਼ੇ 'ਤੇ ਪੁੱਜਦੇ ਹਨ ਜਾਂ ਕਿਸੇ ਜਨਤਕ ਸਥਾਨ 'ਤੇ ਗਵਾਹਾਂ ਨਾਲ ਲਾਗੂ ਹੋਣ ਯੋਗ ਐਨ ਡੀ ਪੀ ਐੱਸ ਐਕਟ ਦੀ ਧਾਰਾ 41 (2) ਜਾਂ 42 ਜਾਂ 43 ਅਧੀਨ ਤਲਾਸ਼ੀ ਦੀ ਪ੍ਰਵਾਨਗੀ ਅਤੇ ਮੰਤਵ ਨਾਲ ਕਿਸੇ ਵਿਅਕਤੀ ਨੂੰ ਰੋਕਦੇ ਹਨ। ਤਲਾਸ਼ੀ ਦਾ ਅੰਤ ਦੋਸ਼ ਸਿੱਧ ਕਰਨ ਵਾਲੀਆਂ ਵਸਤੂਆਂ ਦੀ ਭਾਲ ਅਤੇ ਪ੍ਰਾਪਤੀ ਜਾਂ ਕੁਝ ਵੀ ਨਾ ਮਿਲਣ 'ਤੇ ਹੁੰਦਾ ਹੈ। ਇਸ ਲਈ ਲਿਖਤੀ ਦਸਤਾਵੇਜ਼ ਵਿਚ ਵੇਰਵਾ ਗਵਾਹਾਂ ਦੀ ਕਹਾਣੀ ਤੋਂ ਅਰੰਭ ਹੋਣਾ ਚਾਹੀਦਾ ਅਤੇ ਫਿਰ ਤਲਾਸ਼ੀ ਦੇ ਮੰਤਵ ਲਈ ਸਥਾਨ ਅਤੇ ਵਿਅਕਤੀਆਂ ਪਾਸ ਪੁੱਜ ਰਹੇ ਅਫ਼ਸਰ ਅਤੇ ਫਿਰ ਇਸ ਤੋਂ ਬਾਅਦ ਸਾਰੀਆਂ ਘਟਨਾਵਾਂ ਦਾ ਕ੍ਰਮਵਾਰ ਵੇਰਵਾ ਜਿਵੇਂ ਉਹ ਵਾਪਰੀਆਂ ਹੋਣ, ਤਲਾਸ਼ੀ ਦੇ ਖਤਮ ਹੋਣ ਤੱਕ ਦੇਣਾ ਚਾਹੀਦਾ ਹੈ।

**ਦਸਤਾਵੇਜ਼ੀ (ਲਿਖਤੀ) ਰੂਪ ਦੇਣਾ:** ਪੰਚਨਾਮਾ ਕਿਸੇ ਇਕ ਗਵਾਹ ਜਾਂ ਆਪ ਜਾਂਚ ਅਧਿਕਾਰੀ (ਡੀ ਐਲ ਈ ਓ) ਵੱਲੋਂ ਲਿਖਿਆ ਜਾ ਸਕਦਾ ਹੈ ਅਤੇ ਇਹ ਆਮ ਕਰਕੇ ਇਸ ਤਰ੍ਹਾਂ ਅਰੰਭ ਹੁੰਦਾ ਹੈ, "ਸਾਨੂੰ ਉਪਰੋਕਤ ਦਿੱਤੇ ਨਾਮ ਵਾਲੇ ਗਵਾਹਾਂ ਜਿਨ੍ਹਾਂ ਨੂੰ ਕਿ ਏਜੰਸੀ ਦੇ ਸ਼੍ਰੀ ਏ ਬੀ ਸੀ ਜਾਂਚ ਅਧਿਕਾਰੀ (ਡੀ ਐਲ ਈ ਓ) ਨੇ ਰਿਹਾਇਸ਼ੀ/ਦਫ਼ਤਰੀ ਸਥਾਨ ਦੀ ਤਲਾਸ਼ੀ ਲੈਣ ਸਮੇਂ (ਪਤਾ ਲਿਖੋ) ਵਿਖੇ (ਵਿਅਕਤੀ ਦਾ ਨਾਂ) ਦੇ ਨਿਯੰਤ੍ਰਣ ਅਤੇ ਕਿੱਤੇ ਅਧੀਨ ਐੱਨ ਡੀ ਪੀ ਐੱਸ ਐਕਟ ਦੇ ਉਪਬੰਧਾਂ ਅਧੀਨ ਗਵਾਹਾਂ ਵਜੋਂ ਬੁਲਾਇਆ ਹੈ। ਸ਼੍ਰੀ ਐਕਸ ਵਾਈ ਜੈੱਡ ਨੇ ਦਰਵਾਜ਼ਾ ਖੋਲ੍ਹਿਆ ਅਤੇ ਜਾਂਚ ਅਧਿਕਾਰੀ (ਡੀ ਐਲ ਈ ਓ) ਨੇ ਸਾਡੀ ਪਛਾਣ ਉਸ ਨੂੰ ਦੱਸਣ ਤੋਂ ਬਾਅਦ ਸਾਡੀ ਮੌਜੂਦਗੀ ਵਿਚ ਆਪਣੇ ਆਉਣ ਦਾ ਮੰਤਵ ਦੱਸਿਆ ਅਤੇ ਸਪੱਸ਼ਟ ਕੀਤਾ ਕਿ ਸਥਾਨ ਦੀ ਅਤੇ ਸਥਾਨ ਵਿਚ ਮੌਜੂਦ ਵਿਅਕਤੀਆਂ ਦੀ ਤਲਾਸ਼ੀ ਇਸ ਉਚਿਤ ਵਿਸ਼ਵਾਸ 'ਤੇ ਲਈ ਜਾਵੇਗੀ ਕਿ ਉਥੇ ਐਨ ਡੀ, ਪੀ ਐੱਸ ਜਾਂ ਅਤੇ/ਜਾਂ ਸੀ ਐਸ ਜਿਸ ਦੇ ਵਿਚ ਐਨ ਡੀ ਪੀ ਐੱਸ ਦੇ ਤਹਿਤ ਸਜ਼ਾਯੋਗ ਅਪਰਾਧ ਕੀਤਾ ਗਿਆ ਹੈ ਅਤੇ ਉਥੇ ਉਸ ਸਬੰਧੀ ਅਤੇ ਗੈਰ ਕਾਨੂੰਨੀ ਢੰਗ ਨਾਲ ਹਾਸਲ ਕੀਤੀ ਸੰਪਦਾ ਸੰਬਧੀ ਵਸਤੂਆਂ, ਚੀਜ਼ਾਂ, ਦਸਤਾਵੇਜ਼ ਆਦਿ ਰੱਖੇ ਜਾਂ ਛੁਪਾਏ ਗਏ ਹਨ।"

**ਪੰਚਨਾਮੇ ਦੀ ਬਣਤਰ:** ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਲਿਖਤੀ ਦਸਤਾਵੇਜ਼ਾਂ ਵਿਚ ਹੇਠ ਲਿਖੀਆਂ ਵਿਧੀਆਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ :-

**ਪਹਿਲਾ ਭਾਗ**

ਗਵਾਹਾਂ ਕੋਲ ਜਾਓ > ਸਭ ਤੋਂ ਉੱਪਰ ਗਵਾਹਾਂ ਦੇ ਮੁਕੰਮਲ ਵੇਰਵੇ ਦਰਜ ਕਰੋ > ਮੌਕੇ ਤੇ ਜਾਓ > ਤਲਾਸ਼ੀ ਦੀ ਪ੍ਰਵਾਨਗੀ ਵਿਖਾਓ ਅਤੇ ਉਸ ਉੱਪਰ ਸਥਾਨ ਦੇ ਮਾਲਕ/ ਰਹਿਣ ਵਾਲੇ ਅਤੇ ਗਵਾਹਾਂ ਦੇ ਹਸਤਾਖ਼ਰ ਲਵੋ (ਜੇਕਰ ਤਲਾਸ਼ੀ, ਤਲਾਸ਼ੀ ਦੀ ਪ੍ਰਵਾਨਗੀ ਲਏ ਬਿਨਾ ਕੀਤੀ ਜਾ ਰਹੀ ਹੈ ਤਾਂ ਇਸ ਨੂੰ ਛੱਡ ਦਿਓ) > ਤਲਾਸ਼ੀ ਦੇ ਮੰਤਵ ਦਾ

ਵੇਰਵਾ ਦਿਓ ਅਤੇ ਸਹਿਯੋਗ ਦੀ ਮੰਗ ਕਰੋ > ਗਵਾਹਾਂ ਅਤੇ ਸਮੁੱਚੀ ਤਲਾਸ਼ੀ ਲੈਣ ਵਾਲੀ ਟੀਮ ਦੀ ਤਲਾਸ਼ੀ ਲੈਣ ਦੀ ਪੇਸ਼ਕਸ਼ ਰੱਖੋ > ਇਸ ਤਲਾਸ਼ੀ ਨੂੰ ਮਾਲਕ ਵੱਲੋਂ ਲਏ ਜਾਣ ਦੀ ਪੇਸ਼ਕਸ਼ ਨੂੰ ਠੁਕਰਾਉਣ ਬਾਰੇ ਦਰਜ ਕਰੋ > ਮਾਲਕ/ਰਹਿਣ ਵਾਲੇ ਵੱਲੋਂ ਕੋਈ ਆਨਾਕਾਨੀ, ਧਮਕੀ ਜਾਂ ਤਾਕਤ ਦੀ ਵਰਤੋਂ ਕੀਤੇ ਜਾਣ ਬਾਰੇ ਅਤੇ ਜਾਂਚ ਅਧਿਕਾਰੀ (ਡੀ ਐਲ ਈ ਓ) ਜਾਂ ਉਸ ਦੀ ਟੀਮ ਵੱਲੋਂ ਕਿਸੇ ਤਾਕਤ/ਦਰਵਾਜ਼ਾ ਤੋੜ ਕੇ ਖੋਲ੍ਹੇ ਜਾਣ ਬਾਰੇ ਦਰਜ ਕਰੋ।

### ਦੂਜਾ ਭਾਗ

ਮੌਕੇ ਤੇ ਮਾਲਕ/ ਰਹਿਣ ਵਾਲੇ/ ਹੋਰਾਂ ਦੀ ਤਲਾਸ਼ੀ ਲੈਣ ਲਈ ਐਨ ਡੀ ਪੀ ਐੱਸ ਦੀ ਧਾਰਾ 50 ਅਧੀਨ ਲਿਖਤੀ ਨੋਟਿਸ ਦਿਓ > ਵਿਕਲਪ ਜਾਂ ਹੋਰਵੇਂ ਦੀ ਕਾਰਵਾਈ ਰਿਕਾਰਡ ਕਰੋ > ਗਵਾਹਾਂ ਦੀ ਮੌਜੂਦਗੀ ਵਿਚ ਵਿਅਕਤੀ ਦੀ ਤਲਾਸ਼ੀ ਲੈਣ ਅਤੇ ਨਤੀਜਾ ਦਰਜ ਕਰੋ।

### ਤੀਜਾ ਭਾਗ

ਮੌਕੇ ਤੇ ਵਿਚ ਹਰੇਕ ਕਮਰੇ ਦੀ ਤਲਾਸ਼ੀ ਲਵੋ ਅਤੇ ਨਤੀਜੇ ਦਰਜ ਕਰੋ > ਜੇਕਰ ਐਨ ਡੀ, ਪੀ ਐੱਸ ਜਾਂ ਸੀ ਐੱਸ ਪਦਾਰਥ ਮਿਲਦੇ ਹਨ ਤਾਂ ਪੈਕਟਾਂ/ ਡੱਬਿਆਂ ਦੀ ਕੁੱਲ ਗਿਣਤੀ ਉਨ੍ਹਾਂ ਉਤੇ ਲੜੀ ਨੰਬਰ ਜਿਵੇਂ ਪੀ -1 ਤੋਂ ਪੀ-ਐੱਨ ਲਗਾ ਕੇ, ਪਦਾਰਥ ਦੀ ਬਣਾਵਟ (Texture) ਪੈਕਟਾਂ ਦਾ ਸਮੁੱਚਾ ਭਾਰ/ ਕੁੱਲ ਭਾਰ, ਪੈਕ ਕਰਨ ਦਾ ਢੰਗ, ਚਿੰਨ੍ਹ, ਰੰਗ ਦੇ ਕੇ ਦਰਜ ਕਰੋ > ਜਾਂਚ ਕਿਟ ਦੀ ਸਹਾਇਤਾ ਨਾਲ ਫੀਲਡ ਜਾਂਚ ਅਤੇ ਐੱਨ ਡੀ, ਪੀ ਐੱਸ ਜਾਂ ਸੀ ਐੱਸ ਪਦਾਰਥ ਦੀ ਸ਼੍ਰੇਣੀ ਦਾ ਸੰਕੇਤ ਦਿੰਦੇ ਰੰਗ ਨੂੰ ਦਰਜ ਕਰੋ > ਪਦਾਰਥ, ਡੱਬਿਆਂ, ਹੋਰ ਵਸਤੂਆਂ, ਚੀਜ਼ਾਂ, ਵਿਕਰੀ ਵੱਟਤਾ, ਦਸਤਾਵੇਜ਼ ਜਿਸ ਵਿਚ ਸੰਪਦਾ ਸਿਰਲੇਖ/ਸਰਟੀਫਿਕੇਟ ਆਦਿ ਨੂੰ ਐੱਨ ਡੀ ਪੀ ਐੱਸ ਐਕਟ ਅਧੀਨ ਜ਼ਬਤ ਕਰੋ।

## ਚੌਥਾ ਭਾਗ

ਜੇਕਰ 10/40 ਤੋਂ ਜਿਆਦਾ ਪੈਕਟ ਜ਼ਬਤ ਕੀਤੇ ਜਾਂਦੇ ਹਨ ਤਾਂ ਢੇਰੀਆਂ ਵਿਚ ਇਕੱਠੇ ਕਰਨ ਨੂੰ ਦਰਜ ਕਰੋ > ਹਰੇਕ ਪੈਕਟ/ਢੇਰੀ ਤੋਂ 2 ਨੁਮਾਇੰਦਾ ਨਮੂਨੇ ਇਕੱਠੇ ਕਰਨਾ > ਨਮੂਨਿਆਂ ਨੂੰ ਸੀਲਬੰਦ ਕਰਨਾ ਅਤੇ ਟੈਸਟ ਮੀਮੋ ਤਿਆਰ ਕਰਨਾ > ਦਸਤਾਵੇਜ਼ਾਂ ਤੋਂ ਇਲਾਵਾ ਜ਼ਬਤ ਕੀਤੇ ਪਦਾਰਥ ਨੂੰ ਸੀਲਬੰਦ ਕਰਨਾ > ਜ਼ਬਤ ਕੀਤੀਆਂ ਵਸਤੂਆਂ-ਨਮੂਨਿਆਂ ਆਦਿ ਤੇ ਵਰਤੀ ਗਈ ਸੀਲ ਦਾ ਨਿਸ਼ਾਨ ਚਿੰਨ੍ਹ ਪੰਚਨਾਮੇ 'ਤੇ ਲਗਾਓ ਅਤੇ ਦਰਜ ਕਰੋ।

## ਅੰਤਿਮ ਪੰਜਵਾਂ ਭਾਗ

ਗਵਾਹਾਂ ਅਤੇ ਮਾਲਕ/ਰਹਿਣ ਵਾਲੇ ਦੀ ਮੌਜੂਦਗੀ ਵਿਚ ਸਮੁੱਚੀ ਤਲਾਸ਼ੀ ਪ੍ਰਕ੍ਰਿਆ ਨੂੰ ਦਰਜ ਕਰੋ > ਕਿਸੇ ਵਿਅਕਤੀ ਜਾਂ ਜਾਇਦਾਦ ਨੂੰ ਕੋਈ ਨੁਕਸਾਨ ਨਹੀਂ ਪੁੱਜਿਆ > ਜਾਂਚ ਅਧਿਕਾਰੀ (ਡੀ ਐਲ ਈ ਓ) ਵੱਲੋਂ ਪੰਚਨਾਮਾ ਵਿਚ ਦਰਸਾਈਆਂ ਜ਼ਬਤ ਵਸਤੂਆਂ ਅਤੇ ਦਸਤਾਵੇਜ਼ਾਂ ਤੋਂ ਇਲਾਵਾ ਜਾਂਚ ਅਧਿਕਾਰੀ (ਡੀ ਐਲ ਈ ਓ) ਵਜੋਂ ਕੁਝ ਵੀ ਹੋਰ ਆਪਣੇ ਕਬਜ਼ੇ ਵਿਚ ਨਹੀਂ ਲਿਆ ਗਿਆ > ਘਰ ਦੇ ਬਜ਼ੁਰਗਾਂ, ਔਰਤਾਂ ਨੂੰ ਅਤੇ ਰਹਿਣ ਵਾਲਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਪੂਰਾ ਸਤਿਕਾਰ ਦਿੱਤਾ ਗਿਆ > ਗਵਾਹਾਂ ਅਤੇ ਤਲਾਸ਼ੀ ਲੈਣ ਵਾਲੀ ਸਮੁੱਚੀ ਟੀਮ ਦੀ ਤਲਾਸ਼ੀ ਦੇਣ ਦੀ ਪੇਸ਼ਕਸ਼ ਕਰੋ > ਮਾਲਕ ਵੱਲੋਂ ਤਲਾਸ਼ੀ ਲਏ ਜਾਣ ਦੀ ਪੇਸ਼ਕਸ਼ ਨੂੰ ਮਨਾ ਕਰਨ/ਤਲਾਸ਼ੀ ਲੈਣ ਨੂੰ ਦਰਜ ਕਰੋ > ਤਲਾਸ਼ੀ ਸ਼ੁਰੂ ਕਰਨ ਦੀ ਪ੍ਰਕ੍ਰਿਆ ਅਤੇ ਤਲਾਸ਼ੀ ਖਤਮ ਕਰਨ ਦੀ ਪ੍ਰਕ੍ਰਿਆ ਦੇ ਸਮੇਂ ਨੂੰ ਦਰਜ ਕਰੋ।

ਅੰਤਿਮ ਭਾਗ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਤਲਾਸ਼ੀ ਲੈਣ ਵਾਲੀ ਟੀਮ ਵੱਲੋਂ ਅਕਸਰ ਸਾਹਮਣਾ ਕੀਤੇ ਜਾਣ ਵਾਲੇ ਇਲਜ਼ਾਮਾਂ ਜਿਵੇਂ ਕਿ ਝੂਠਾ ਫਸਾਉਣਾ, ਚੋਰੀ, ਤਸੀਹੇ, ਜਾਇਦਾਦ ਨੂੰ ਨੁਕਸਾਨ, ਔਰਤਾਂ/ਬਜ਼ੁਰਗਾਂ ਨਾਲ ਦੁਰਵਿਹਾਰ, ਧਾਰਮਿਕ ਭਾਵਨਾਵਾਂ ਪ੍ਰਤੀ ਸਤਿਕਾਰ ਨਾ ਦੇਣਾ ਆਦਿ ਪ੍ਰਤੀ-ਬਚਾਓ ਪੱਖ ਰੱਖਿਆ ਜਾ ਸਕੇ।

ਜੇਕਰ ਵਸਤੂਆਂ ਦੀ ਗਿਣਤੀ ਵਧੇਰੇ ਹੈ ਤਾਂ ਹੇਠ ਲਿਖੇ ਫਾਰਮੈਟ ਵਿਚ ਪੰਚਨਾਮੇ ਦੇ ਹਿੱਸੇ ਵਜੋਂ ਵੱਖਰੇ ਅਨੁਲੱਗਾਂ ਨੂੰ ਨਾਲ ਪੜ੍ਹਿਆ ਜਾਵੇ, ਪੰਚਨਾਮਾ ਦੇ ਨਾਲ ਦਰਸਾਇਆ ਜਾਵੇ। ਉਦਾਹਰਣ ਦੇ ਤੌਰ ਤੇ :

| ਲੜੀ ਨੰ: | ਪੈਕਟ ਚਿੰਨ੍ਹ ਬੱਧ ਕੀਤਾ | ਪੈਕਟ ਦਾ ਵੇਰਵਾ | ਪ੍ਰਾਪਤ ਹੋਏ ਚਿੰਨ੍ਹ | ਸਮੱਗਰੀ ਦਾ ਵੇਰਵਾ | ਕੁੱਲ ਮਾਤਰਾ/ ਭਾਰ ਗ੍ਰਾਮਾਂ ਵਿਚ | ਸ਼ੁੱਧ ਮਾਤਰਾ/ ਭਾਰ ਗ੍ਰਾਮਾਂ ਵਿਚ | ਨੁਮਾਇੰਦਾ ਨਮੂਨੇ ਚਿੰਨ ਬੱਧ ਕੀਤੇ | ਹਰੇਕ ਨਮੂਨੇ ਦਾ ਭਾਰ ਗ੍ਰਾਮਾਂ ਵਿਚ |
|---|---|---|---|---|---|---|---|---|
| 1. | ਪੀ-1 | ਭੂਰੇ ਰੰਗ ਦੇ ਲਿਫਾਫੇ ਵਿਚ ਪੋਲੀਥੀਨ ਪੈਕ | 555 ਅਤੇ ਅੱਧੇ ਚੰਦ ਦਾ ਨਿਸ਼ਾਨ | ਭੂਰੇ ਰੰਗ ਦਾ ਵੇਰਗਾ | 1050 | 1000 | ਐਸ ਓ-1 ਐਸ ਡੀ-1 | 5 |

## ਦਸਤਾਵੇਜ਼ਾਂ ਦੀ ਪ੍ਰਾਪਤੀ

| ਲੜੀ ਨੰ: | ਦਸਤਾਵੇਜ਼ਾਂ ਦਾ ਵੇਰਵਾ | ਪੰਨਿਆਂ ਦੀ ਗਿਣਤੀ |
|---|---|---|
| 1. | 12 ਮਾਰਚ, 1012 ਮਿਤੀ ਨੂੰ ਈ-ਮੇਲ xyz@hotmail.com ਤੋਂ yyy@gmail.com | 1 |
| 2. | ਐੱਲ ਅਤੇ ਟੀ ਦੇ 100 ਸ਼ੇਅਰਾਂ ਲਈ ਸਰਟੀਫਿਕੇਟ ਨੰ: 123 ਤੋਂ 222 ਤੱਕ | 1 |

# ਅਧਿਆਇ- 10

## ਨਾਰਕੋਟਿਕ (ਨਸ਼ੀਲੀ) ਫਸਲ ਦੀ ਗੈਰ-ਕਾਨੂੰਨੀ ਕਾਸ਼ਤ

ਡਰੱਗਜ਼ (ਨਸ਼ਿਆਂ) ਦੀ ਸਪਲਾਈ ਨੂੰ ਰੋਕਣ ਲਈ (ਠੱਲ ਪਾਉਣ ਲਈ) ਨਸ਼ਿਆਂ ਨੂੰ ਜ਼ਬਤ ਕਰਨਾ ਇਕ ਤਰੀਕਾ ਹੈ। ਪਰ ਇਸ ਦਾ ਸਭ ਤੋਂ ਵਧੀਆ ਢੰਗ, ਇਸ ਦਾ ਖਾਤਮਾ ਉਥੋਂ ਕਰਨਾ ਹੈ ਜਿਥੋਂ ਕਿ ਇਹ ਸ਼ੁਰੂ ਹੁੰਦਾ ਹੈ- ਅਜਿਹੀਆਂ ਫਸਲਾਂ ਦੀ ਕਾਸ਼ਤ ਤੋਂ। ਡਰੱਗਜ਼ ਦੀ ਸਪਲਾਈ ਉਤੇ ਠੱਲ ਪਾਉਣ ਲਈ ਚਰਸ, ਅਫੀਮ, ਪੋਸਤ ਅਤੇ ਕੋਕਾ ਪੌਦਿਆਂ ਦੀਆਂ ਗੈਰ-ਕਾਨੂੰਨੀ ਫਸਲਾਂ ਦਾ ਸਰਵੇਖਣ, ਸ਼ਨਾਖਤ ਅਤੇ ਉਨ੍ਹਾਂ ਨੂੰ ਤਬਾਹ ਕਰਨਾ ਪ੍ਰਮੁੱਖ ਨੀਤੀ ਹੈ। ਭਾਰਤ ਵਿਚ ਸਿਰਫ ਅਫੀਮ, ਪੋਸਤ ਅਤੇ ਚਰਸ ਗੈਰ-ਕਾਨੂੰਨੀ ਢੰਗ ਨਾਲ ਉਗਾਈਆਂ ਜਾਂਦੀਆਂ ਹਨ। ਕੋਕਾ ਪੌਦੇ ਦੀ ਕਾਸ਼ਤ ਦੱਖਣੀ ਅਤੇ ਸੈਂਟਰਲ ਅਮਰੀਕਾ ਤੱਕ ਸੀਮਿਤ ਹੈ। ਐੱਨ ਡੀ ਪੀ ਐੱਸ ਐਕਟ 1985 ਵਿਚ ਵਿਸ਼ੇਸ਼ ਉਪਬੰਧ ਹਨ ਜਿਹੜੇ ਕਿ ਫੀਲਡ ਅਫਸਰਾਂ ਨੂੰ ਇਸ ਸਬੰਧ ਵਿਚ ਉਚਿਤ ਕਾਰਵਾਈ ਕਰਨ ਲਈ ਅਧਿਕਾਰ ਪ੍ਰਦਾਨ ਕਰਦੇ ਹਨ।

**ਅਧਿਕਾਰ :-** ਜਾਂਚ ਅਧਿਕਾਰੀ (ਡੀ ਐਲ ਈ ੳ) ਨੂੰ ਐੱਨ ਡੀ ਪੀ ਐੱਸ ਐਕਟ ਦੀ ਧਾਰਾ 44 ਅਧੀਨ ਗੈਰ-ਕਾਨੂੰਨੀ ਨਾਰਕੋਟਿਕ ਪੌਦਿਆਂ ਨੂੰ ਜ਼ਬਤ ਕਰਨ ਦਾ ਅਧਿਕਾਰ ਪ੍ਰਾਪਤ ਹੈ। ਐਨ ਡੀ ਪੀ ਐਸ ਐਕਟ ਦੀ ਧਾਰਾ 48 ਅਧੀਨ, ਜਾਂਚ ਅਧਿਕਾਰੀ (ਡੀ ਐਲ ਈ ੳ), ਜੇ ਕਰ ਉਹ ਗਜ਼ਟਡ ਅਫ਼ਸਰ ਹੈ, ਫਸਲਾਂ ਨੂੰ ਜ਼ਬਤ (attach) ਕਰ ਸਕਦਾ ਹੈ ਅਤੇ ਜ਼ਬਤ ਕੀਤੇ ਨਾਰਕੋਟਿਕ (ਨਸ਼ੀਲੇ) ਪੌਦਿਆਂ ਨੂੰ ਤਬਾਹ ਕਰਨ ਦੇ ਆਦੇਸ਼ ਜਾਰੀ ਕਰ ਸਕਦਾ ਹੈ।

ਐੱਨ ਡੀ ਪੀ ਐੱਸ ਐਕਟ ਦੀ ਧਾਰਾ 46 ਅਧੀਨ, ਭੂਮੀ ਰੱਖਣ ਵਾਲੇ ਨੂੰ ਆਪਣੇ ਖੇਤ ਵਿਚ ਨਸ਼ੀਲੇ ਪੌਦਿਆਂ ਦੀ ਕਾਸ਼ਤ ਸਬੰਧੀ ਰਿਪੋਟ ਦੇਣੀ ਜ਼ਰੂਰੀ ਹੈ। ਐੱਨ ਡੀ ਪੀ ਐੱਸ ਐਕਟ ਦੀ ਧਾਰਾ 47 ਅਧੀਨ, ਭੌਂ ਮਾਲੀਆ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਨਸ਼ੀਲੀਆਂ ਫਸਲਾਂ ਦੀ ਕਾਸ਼ਤ ਦੀ ਕੋਈ ਘਟਨਾ ਦੀ ਰਿਪੋਟ ਧਾਰਾ 42 ਅਧੀਨ ਅਧਿਕ੍ਰਿਤ ਅਫ਼ਸਰਾਂ ਵਿਚੋਂ ਕਿਸੇ ਨੂੰ ਵੀ ਦੇਣੀ ਜ਼ਰੂਰੀ ਹੈ।

**ਪ੍ਰਕ੍ਰਿਆ :-** ਨਸ਼ੀਲੀਆਂ (ਨਾਰਕੋਟਿਕ) ਫਸਲਾਂ ਦੇ ਗੈਰ-ਕਾਨੂੰਨੀ ਰੂਪ ਵਿਚ ਖੇਤ ਵਿਚ ਹੋਣ ਤੇ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਹੇਠ ਲਿਖੀ ਪ੍ਰਕ੍ਰਿਆ ਅਪਣਾਉਣੀ ਚਾਹੀਦੀ ਹੈ :

(ੳ) ਪਿੰਡ ਦੇ ਮੁਖੀ ਅਤੇ ਭੌਂ-ਮਾਲੀਆ ਅਫ਼ਸਰ ਕੋਲ ਜ਼ਮੀਨ ਦਾ ਸ਼ਨਾਖਤੀ ਨੰਬਰ ਅਤੇ ਭੌਂ ਰਿਕਾਰਡ ਤੋਂ ਮਾਲਕੀਅਤ ਬਾਰੇ ਪਤਾ ਕਰਨ ਲਈ ਜਾਣਾ ਚਾਹੀਦਾ ਹੈ, ਮੌਕੇ ਤੇ ਪੁੱਛ-ਗਿੱਛ ਕਰਨੀ ਚਾਹੀਦੀ ਹੈ ਅਤੇ ਜ਼ਮੀਨ ਦੇ ਮਾਲਕ ਅਤੇ ਕਾਸ਼ਤਕਾਰ ਦੀ ਸ਼ਨਾਖਤ ਕਰਨੀ ਚਾਹੀਦੀ ਹੈ।

(ਅ) ਜੰਗਲ ਦੀ ਜ਼ਮੀਨ ਹੋਣ ਦੇ ਮਾਮਲੇ ਵਿਚ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਉਸ ਅਧਿਕਾਰ ਖੇਤਰ ਦੇ ਜੰਗਲਾਤ (ਫਾਰੈਸਟ) ਅਫ਼ਸਰ ਨਾਲ ਸੰਪਰਕ ਰੱਖਣਾ ਚਾਹੀਦਾ ਹੈ, ਰਿਕਾਰਡਾਂ ਤੋਂ ਅਤੇ ਮੌਕੇ ਤੇ ਹੀ ਪੁੱਛ-ਗਿੱਛ ਕਰਕੇ ਕਾਸ਼ਤਕਾਰ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਅਤੇ ਕਾਰਵਾਈ ਸਮੇਂ ਉਸ ਦੀ ਮੌਜੂਦਗੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

(ੲ) ਅਜਿਹੀਆਂ ਫਸਲਾਂ ਵਾਲੇ ਖੇਤ ਦਾ ਮਾਪ ਲੈਣਾ ਚਾਹੀਦਾ ਹੈ।

(ਸ) ਪੌਦਿਆਂ ਦੀ ਗਿਣਤੀ ਕਰੋ। ਉਚਿਤ ਅਤੇ ਸਹੀ ਅਨੁਮਾਨ ਲਈ ਉਸ ਨੂੰ ਜ਼ਮੀਨ ਨੂੰ ਵੱਖ-ਵੱਖ ਤਿੰਨ-ਚਾਰ ਹਿੱਸਿਆਂ (ਭਾਗਾਂ) ਤੋਂ ਵਰਗ ਮੀਟਰ ਖੇਤਰ 'ਚ ਮਾਰਕ ਕਰ ਲੈਣਾ ਚਾਹੀਦਾ ਹੈ, ਪੌਦਿਆਂ ਦੀ ਗਿਣਤੀ ਕਰਨੀ ਚਾਹੀਦੀ ਹੈ, ਪੌਦਿਆਂ ਨੂੰ ਜੜ੍ਹੋਂ ਉਖਾੜ ਲੈਣਾ ਜਾਂ ਕੱਟ ਦੇਣਾ ਚਾਹੀਦਾ ਹੈ ਅਤੇ ਪੌਦਿਆਂ ਦਾ ਭਾਰ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਕਰਨਾ ਚਾਹੀਦਾ ਹੈ ਅਤੇ ਫਿਰ ਸਾਰੀ ਗਿਣਤੀ ਮਿਲਾ ਕੇ ਪੂਰੇ ਖੇਤ ਵਿਚ ਫੈਲੀ ਇਸ ਫਸਲ ਦੀ ਕੁੱਲ ਗਿਣਤੀ ਅਤੇ ਭਾਰ ਤੇ ਪਹੁੰਚਣਾ ਚਾਹੀਦਾ ਹੈ।

(ਹ) ਖੜ੍ਹੀ ਫਸਲ ਨੂੰ ਜ਼ਬਤ ਕਰੋ ਅਤੇ ਪੰਚਨਾਮਾ ਤਹਿਤ ਕੁਝ ਪੋਸਤ, ਅਫੀਮ, ਪੌਦਿਆਂ ਦੇ ਜਾਂ ਚਰਸ ਪੌਦੇ ਦੀਆਂ ਟਹਿਣੀਆਂ ਦੇ ਕੁਝ ਨੁਮਾਇੰਦਾ ਨਮੂਨੇ ਲਵੋ।

(ਕ) ਐੱਨ ਡੀ ਪੀ ਐੱਸ ਐਕਟ ਦੀ ਧਾਰਾ 57 ਅਧੀਨ ਗਜ਼ਟਡ ਅਫ਼ਸਰ ਨੂੰ ਰਿਪੋਟ ਪੇਸ਼ ਕਰੋ। ਜੇਕਰ ਗਜ਼ਟਡ ਅਫ਼ਸਰ ਤਲਾਸ਼ੀ ਲੈਣ ਵਾਲੀ ਪਾਰਟੀ ਨਾਲ ਜਾਂਦਾ ਹੈ ਤਾਂ ਅਜਿਹੀ ਕੋਈ ਰਿਪੋਟ ਦੇਣ ਦੀ ਲੋੜ ਨਹੀਂ ਅਤੇ ਗਜ਼ਟਡ ਅਫ਼ਸਰ ਦੀ ਮੌਜੂਦਗੀ ਬਾਰੇ ਪੰਚਨਾਮਾ ਵਿਚ ਸਪੱਸ਼ਟ ਰੂਪ ਵਿਚ ਦੱਸੋ।

(ਖ) ਗਜ਼ਟਡ ਅਫ਼ਸਰ ਤੋਂ ਜ਼ਬਤੀ ਦੇ ਆਦੇਸ਼ ਲਵੋ ਅਤੇ ਫਸਲ ਨੂੰ ਤਬਾਹ ਕਰਨ ਦੇ ਆਦੇਸ਼ ਵੀ ਲਵੋ।

(ਗ) ਮਜ਼ਦੂਰ ਲਗਾ ਕੇ ਜਾਂ ਮਸ਼ੀਨਾਂ ਰਾਹੀਂ ਪੌਦਿਆਂ ਨੂੰ ਕੱਟਣ ਜਾਂ ਜੜ੍ਹੋਂ ਉਖਾੜਨ ਦੀ ਕਾਰਵਾਈ ਕਰੋ।

(ਘ) ਪੌਦਿਆਂ ਨੂੰ ਅੱਗ ਲਗਾ ਦਿਓ।

(ਙ) ਖੜ੍ਹੀ ਫਸਲ ਦੀ ਫੋਟੋ ਖਿੱਚੋ ਅਤੇ ਸਮੁੱਚੀ ਕਾਰਵਾਈ ਦੀ ਵੀਡੀਓ ਬਣਾਓ ਅਤੇ ਇਸ ਨੂੰ ਪੰਚਨਾਮਾ ਵਿਚ ਦਰਜ ਕਰੋ ਅਤੇ ਫੋਟੋ/ਵੀਡੀਓ ਨੂੰ ਸਬੂਤ ਵਜੋਂ ਰੱਖੋ।

ਪਰ, ਉਪਰੋਕਤ ਕਾਰਵਾਈ ਉਸ ਮਾਮਲੇ ਵਿਚ ਕਰਨੀ ਚਾਹੀਦੀ ਹੈ ਜਦੋਂ ਨਾਰਕੋਟਿਕ ਫਸਲਾਂ ਵਾਲਿਆਂ ਖੇਤਾਂ ਦੇ ਮਾਲਕਾਂ ਦੀ ਪਛਾਣ ਨਹੀਂ ਹੁੰਦੀ ਜਿਵੇਂ ਕਿ ਜੰਗਲ ਦੀ ਜ਼ਮੀਨ ਜਾਂ ਹੋਰ ਸਰਕਾਰੀ ਜ਼ਮੀਨ ਦੇ ਮਾਮਲੇ ਸਬੰਧੀ। ਨੁਕਤੇ ਏ ਤੋਂ ਙ ਤੱਥ ਦੀ ਸਮੁੱਚੀ ਪ੍ਰਕ੍ਰਿਆ ਨੂੰ ਇਕੋ ਹੀ ਪੰਚਨਾਮੇ ਵਿਚ ਦਰਜ ਕਰਕੇ ਇਕ ਬਣਾਇਆ ਜਾ ਸਕਦਾ ਹੈ।

ਜੇਕਰ ਗੈਰ-ਕਾਨੂੰਨੀ ਫਸਲ ਦੇ ਕਾਸ਼ਤਕਾਰ ਦੀ ਸ਼ਨਾਖਤ ਹੋ ਜਾਂਦੀ ਹੈ ਅਤੇ ਉਸ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਗਜ਼ਟਡ ਅਫ਼ਸਰ ਅਦਾਲਤ ਦੇ ਆਦੇਸ਼ ਤੋਂ ਬਿਨਾ ਤਬਾਹੀ ਦਾ ਆਦੇਸ਼ ਨਹੀਂ ਦੇਵੇਗਾ। ਅਜਿਹੇ ਕੇਸਾਂ ਵਿਚ ਜੜ੍ਹੋਂ ਉਖਾੜੀ ਗਈ ਫਸਲ/ਪੌਦਿਆਂ ਨੂੰ ਮਾਲਖਾਨੇ ਵਿਚ ਜਾਂ ਕਿਸੇ ਹੋਰ ਸੁਰੱਖਿਅਤ ਥਾਂ ਤੇ ਰੱਖਣਾ ਚਾਹੀਦਾ ਹੈ ਅਤੇ ਧਾਰਾ 52 ਏ ਅਧੀਨ ਮੁਕਦਮੇ ਤੋਂ ਪਹਿਲਾਂ ਨਿਪਟਾਰੇ ਲਈ ਪ੍ਰਵਾਨਗੀ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਤੁਰੰਤ ਆਰੰਭ ਕਰ ਦੇਣੀ ਚਾਹੀਦੀ ਹੈ। ਧਾਰਾ 52 ਏ ਅਧੀਨ ਪੁਸ਼ਟੀ (ਪ੍ਰਵਾਨਗੀ) ਪ੍ਰਾਪਤ ਕਰਨ ਤੋਂ ਬਾਅਦ ਹੀ ਫਸਲ ਦੀ ਤਬਾਹੀ ਦੀ ਪ੍ਰਕ੍ਰਿਆ ਅਰੰਭ ਕਰਨੀ ਚਾਹੀਦੀ ਹੈ।

# ਅਧਿਆਇ -11

## ਵਿਅਕਤੀਆਂ ਦੀ ਜਾਂਚ-ਪੜਤਾਲ ਅਤੇ ਬਿਆਨ ਦਰਜ (ਰਿਕਾਰਡ) ਕਰਨਾ

ਤਲਾਸ਼ੀ ਦੀ ਕਾਰਵਾਈ ਖਤਮ ਹੋਣ ਤੋਂ ਬਾਅਦ ਅਤੇ ਕਿਸੇ ਵੀ ਵਿਅਕਤੀ ਜਾਂ ਸਥਾਨ ਦੀ ਤਲਾਸ਼ੀ 'ਤੇ ਇਤਰਾਜ਼ਯੋਗ ਵਸਤੂਆਂ ਜਿਵੇਂ ਐੱਨ ਡੀ, ਪੀ ਐੱਸ ਜਾਂ ਸੀ ਐੱਸ ਜਾਂ ਵਿਕਰੀ ਵੱਟਤ, ਆਈ ਏ ਪੀ ਜਾਂ ਇਨ੍ਹਾਂ ਸਬੰਧੀ ਸਬੂਤ ਮਿਲਣ ਅਤੇ ਇਨ੍ਹਾਂ ਨੂੰ ਜ਼ਬਤ ਕਰਨ ਤੋਂ ਬਾਅਦ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਤੁਰੰਤ ਹੀ ਸਬੰਧਤ/ਉਨ੍ਹਾਂ ਵਸਤੂਆਂ ਨਾਲ ਜੁੜੇ ਵਿਅਕਤੀ/ਵਿਅਕਤੀਆਂ ਦੀ ਪੁੱਛ-ਗਿੱਛ ਅਤੇ ਜਾਂਚ ਸ਼ੁਰੂ ਕਰ ਦੇਣੀ ਚਾਹੀਦੀ ਹੈ। ਸਥਾਨ ਦੇ ਮਾਲਕ/ ਜਾਂ ਉਥੇ ਰਹਿਣ ਵਾਲੇ, ਉਹ ਵਿਅਕਤੀ ਜਿਸ ਨੂੰ ਕਿ ਦੋਸ਼ ਸਾਬਤ ਕਰਨ ਵਾਲੀਆਂ ਵਸਤੂਆਂ ਦਾ ਮਾਲਕ ਮੰਨਿਆ ਜਾਂਦਾ ਹੈ ਅਤੇ ਉਸ ਨਾਲ ਸਬੰਧਤ ਕੋਈ ਵੀ ਹੋਰ ਵਿਅਕਤੀ ਅਤੇ ਪ੍ਰਾਪਤੀ ਅਤੇ ਜ਼ਬਤੀ ਦੇ ਗਵਾਹਾਂ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਜ਼ਬਤੀ ਤੋਂ ਬਾਅਦ ਉਨ੍ਹਾਂ ਦੇ ਬਿਆਨ ਤੁਰੰਤ ਦਰਜ ਕਰਨੇ ਚਾਹੀਦੇ ਹਨ।

**ਅਧਿਕਾਰ :** ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਐੱਨ ਡੀ ਪੀ ਐੱਸ ਐਕਟ ਦੀ ਧਾਰਾ 67 ਅਧੀਨ ਅਧਿਕਾਰ ਹੈ ਕਿ ਉਹ ਆਪਣੀ ਇਸ ਗੱਲ ਦੀ ਸੰਤੁਸ਼ਟੀ ਲਈ ਕਿ ਐਕਟ ਦੇ ਉਪਬੰਧਾਂ ਦੀ, ਐੱਨ ਡੀ ਪੀ ਐੱਸ ਨਿਯਮਾਂ ਦੀ ਅਤੇ ਐੱਨ ਡੀ ਪੀ ਐੱਸ (ਆਰ ਸੀ ਐਸ) ਆਦੇਸ਼ ਦੀ ਉਲੰਘਣਾ ਹੋਈ ਹੈ ਕਿਸੇ ਵੀ ਵਿਅਕਤੀ ਨੂੰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਵਿਅਕਤੀ ਨੂੰ ਜਾਂਚ ਨਾਲ ਸਬੰਧਤ ਜਾਂ ਜਾਂਚ ਲਈ ਸਹਾਈ ਹੋਣ ਵਾਲੇ ਕਿਸੇ ਸਬੂਤ ਜਾਂ ਦਸਤਾਵੇਜ਼ ਨੂੰ ਪੇਸ਼ ਕਰਨ ਲਈ ਬੁਲਾ ਸਕਦਾ ਹੈ। ਐਕਟ ਦੀ ਧਾਰਾ 67 ਦੀ ਅਥਾਰਟੀ ਅਧੀਨ ਕੇਸ ਦੇ ਤੱਥਾਂ ਅਤੇ ਹਾਲਾਤਾਂ ਤੋਂ ਜਾਣੂ ਕਿਸੇ ਵੀ ਵਿਅਕਤੀ ਦੀ ਜਾਂਚ ਕੀਤੀ ਜਾ ਸਕਦੀ ਹੈ।

**ਬਿਆਨ ਦਰਜ ਕਰਨਾ :** - ਜਾਂਚ ਕੀਤੇ ਗਏ ਸਾਰੇ ਵਿਅਕਤੀਆਂ ਨੂੰ ਆਪਣੇ ਬਿਆਨ ਆਪਣੀ ਹੱਥ-ਲਿਖਤ ਵਿਚ ਉਸ ਭਾਸ਼ਾ ਵਿਚ ਜਿਸ ਦੀ ਕਿ ਉਨ੍ਹਾਂ ਨੂੰ ਜਾਣਕਾਰੀ ਹੈ, ਵਿਚ ਦੇਣੇ ਚਾਹੀਦੇ ਹਨ। ਜੇਕਰ ਉਹ ਅੰਗਰੇਜ਼ੀ ਜਾਂ ਹਿੰਦੀ ਜਾਣਦੇ ਹਨ ਤਾਂ ਬਿਹਤਰ ਹੈ

ਕਿਉਂਕਿ ਵਧੇਰੇ ਲੋਕ ਇਨ੍ਹਾਂ ਭਾਸ਼ਾਵਾਂ ਨੂੰ ਜਾਣਦੇ ਹਨ ਅਤੇ ਵਧੇਰੇ ਕਰਕੇ ਅਦਾਲਤਾਂ ਆਪਣਾ ਕਾਰਜ ਅੰਗਰੇਜ਼ੀ ਜਾਂ ਹਿੰਦੀ ਵਿਚ ਕਰਦੀਆਂ ਹਨ। ਫਿਰ ਵੀ, ਜੇਕਰ ਵਿਅਕਤੀ ਕਿਸੇ ਹੋਰ ਭਾਸ਼ਾ ਵਿਚ ਲਿਖਣਾਂ ਚਾਹੁੰਦਾ ਹੈ ਤਾਂ ਉਹ ਅਨੁਵਾਦਕ ਜਾਂ ਸਹਿਯੋਗੀ (ਮੁਲਾਜਮ) ਜਿਸ ਨੂੰ ਕਿ ਬੋਲਚਾਲ ਅਤੇ ਲਿਖਤੀ ਦੋਹਾਂ ਰੂਪਾਂ ਵਿਚ ਹੀ ਇਹ ਭਾਸ਼ਾ ਆਉਂਦੀ ਹੈ, ਦੀ ਸਹਾਇਤਾ ਲਈ ਜਾ ਸਕਦੀ ਹੈ। ਇਹ ਗੱਲ ਇਸ ਨੂੰ ਯਕੀਨੀ ਬਣਾਵੇਗੀ ਕਿ ਉਹ ਵਿਅਕਤੀ ਉਹੀ ਲਿਖ ਰਿਹਾ ਹੈ ਜੋ ਕਿ ਉਹ ਜਾਂਚ ਅਧਿਕਾਰੀ (ਡੀ ਐਲ ਈ ਓ) ਦੇ ਸਾਹਮਣੇ ਬਿਆਨ ਦੇ ਰਿਹਾ ਹੈ। ਬਿਆਨ ਜਿੱਥੋਂ ਤੱਕ ਸੰਭਵ ਹੋਵੇ ਸਵਾਲ-ਜਵਾਬ ਫਾਰਮੈਟ ਵਿਚ ਹੀ ਹੋਣਾ ਚਾਹੀਦਾ ਹੈ ਪਰ ਇਹ ਜਾਂਚ ਅਧਿਕਾਰੀ (ਡੀ ਐਲ ਈ ਓ) ਵੱਲੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਵਿਚ ਲਗਾਤਾਰ ਬਿਰਤਾਂਤ ਦੇ ਰੂਪ ਵਿਚ ਵੀ ਦਿੱਤਾ ਜਾ ਸਕਦਾ ਹੈ। ਬਿਆਨ ਦੇ ਰਹੇ ਵਿਅਕਤੀ ਨੂੰ ਬਿਆਨ ਦੇ ਹਰੇਕ ਪੰਨੇ ਉਤੇ ਹਸਤਾਖ਼ਰ ਕਰਨੇ ਚਾਹੀਦੇ ਹਨ ਅਤੇ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਆਪਣੇ ਛੋਟੇ ਹਸਤਾਖ਼ਰ (initial) ਹਰੇਕ ਪੰਨੇ ਤੇ, ਆਖਰੀ ਪੰਨੇ ਤੋਂ ਇਲਾਵਾ ਜਿੱਥੇ ਕਿ ਉਸ ਨੇ ਲਿਖਣਾ 'ਮੇਰੇ ਵੱਲੋਂ ਦਰਜ ਕੀਤਾ' ਜਾਂ 'ਮੇਰੇ ਸਾਹਮਣੇ' ਉਸ ਹੇਠਾਂ ਮਿਤੀ ਸਮੇਤ ਆਪਣੇ ਪੂਰੇ ਹਸਤਾਖ਼ਰ ਕਰਨੇ ਚਾਹੀਦੇ ਹਨ ਅਤੇ ਨਾਲ ਹੀ ਆਪਣਾ ਪੂਰਾ ਨਾਂ ਅਤੇ ਅਹੁਦਾ ਦੇਣਾ ਚਾਹੀਦਾ ਹੈ।

ਇਹ ਠੀਕ ਹੈ ਜੇਕਰ ਬਿਆਨ ਟਾਈਪ ਕੀਤਾ ਗਿਆ ਹੋਵੇ ਪਰ ਕਿਉਂਕਿ ਆਮ ਕਰਕੇ ਬਿਆਨ ਮੌਕੇ 'ਤੇ ਹੀ ਲਿਆ ਜਾਂਦਾ ਹੈ, ਇਸ ਲਈ ਇਹ ਸੰਭਵ ਨਹੀਂ ਹੋ ਸਕਦਾ। ਇਸ ਤੋਂ ਇਲਾਵਾ ਬਾਅਦ ਵਿਚ ਕਈ ਲੋਕ ਇਹ ਦਾਅਵਾ ਕਰ ਸਕਦੇ ਹਨ ਕਿ ਉਨ੍ਹਾਂ ਨੂੰ ਉਹ ਭਾਸ਼ਾ ਨਹੀਂ ਆਉਂਦੀ ਅਤੇ ਉਨ੍ਹਾਂ ਨੇ ਜਾਂਚ ਅਧਿਕਾਰੀ (ਡੀ ਐਲ ਈ ਓ) ਦੇ ਕਹਿਣ ਤੇ ਲਾਈਨਾਂ ਉਤੇ ਹਸਤਾਖ਼ਰ ਕਰ ਦਿੱਤੇ।

ਆਮਨੇ-ਸਾਮਨੇ (ਇਕ ਵਿਅਕਤੀ ਤੋਂ ਇਕੋ ਅਧਿਕਾਰੀ ਹੀ ਪੁੱਛ-ਗਿੱਛ ਕਰੇ) (One to one) :- ਬਿਆਨ ਨੂੰ ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਬਿਆਨ ਦੇਣ ਵਾਲੇ ਵਿਅਕਤੀ ਦੇ ਆਹਮੋ ਸਾਹਮਣੇ ਹੋ ਕੇ ਦਰਜ ਕੀਤਾ ਜਾਣਾ ਚਾਹੀਦਾ ਹੈ। ਕਈ ਵਾਰ ਕਈ

ਅਫ਼ਸਰ ਵਿਚ ਆ ਜਾਂਦੇ ਹਨ ਅਤੇ ਵੱਖ ਵੱਖ ਸਵਾਲ ਪੁੱਛ ਕੇ ਵੱਖ-ਵੱਖ ਤਰ੍ਹਾਂ ਦਾ ਵਤੀਰਾ ਕਰਦੇ ਹਨ ਅਤੇ ਚਲੇ ਜਾਂਦੇ ਹਨ। ਇਹ ਜਾਂਚ ਅਧਿਕਾਰੀ (ਡੀ ਐਲ ਈ ਓ) ਅਤੇ ਪੁੱਛ-ਗਿੱਛ ਕੀਤੇ ਜਾ ਰਹੇ ਦਾ ਧਿਆਨ ਦੂਜੇ ਪਾਸੇ ਕਰਦਾ ਹੈ ਅਤੇ ਪੁੱਛ-ਗਿੱਛ ਕੀਤੇ ਜਾ ਰਹੇ ਵਿਅਕਤੀ ਉਤੇ ਦਬਾਓ ਨੂੰ ਬਣਾਉਂਦਾ ਹੈ ਅਤੇ ਬਾਅਦ ਵਿਚ ਜਦੋਂ ਅਦਾਲਤ ਵਿਚ ਮੁਕੱਦਮਾ ਚੱਲਣ ਦੌਰਾਨ ਜਦੋਂ ਇਹ ਸਾਬਤ ਹੋ ਜਾਂਦਾ ਹੈ ਕਿ ਬਿਆਨ ਦਰਜ ਕਰਨ ਵੇਲੇ ਇਕੋ ਸਮੇਂ ਕਈ ਵਿਅਕਤੀ ਉਸ ਦੀ ਪੁੱਛ-ਗਿੱਛ ਕਰ ਰਹੇ ਸਨ ਤਾਂ ਬਿਆਨ ਦੀ ਸਵੈਤਾ (voluntary character) ਖਤਮ ਹੋ ਜਾਂਦੀ ਹੈ।

**ਪ੍ਰਮੁੱਖ ਵਿਅਕਤੀ ਪਹਿਲਾਂ, ਬਾਕੀ ਬਾਅਦ ਵਿਚ :** - ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਉਨ੍ਹਾਂ ਵਿਅਕਤੀਆਂ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ ਜਿਨ੍ਹਾਂ ਤੋਂ ਦੋਸ਼ ਸਾਬਤ ਕਰਨ ਵਾਲਾ ਸਮਾਨ/ਸਬੂਤ ਮਿਲਿਆ ਹੈ ਅਤੇ ਉਨ੍ਹਾਂ ਦਾ ਬਿਆਨ ਜੇਕਰ ਸੰਭਵ ਹੋਵੇ ਤਾਂ ਮੌਕੇ ਤੇ ਹੀ ਭਾਵੇਂ ਉਹ ਛੋਟਾਂ ਜਿਹਾ ਹੋਵੇ, ਲੈਣਾ ਚਾਹੀਦਾ ਹੈ। ਇਹ ਤਲਾਸ਼ੀ, ਹਾਸਲ ਕੀਤੇ ਸਮਾਨ ਅਤੇ ਜ਼ਬਤੀ ਦੇ ਤੱਥਾਂ ਅਤੇ ਹਾਲਾਤਾਂ ਉਤੇ, ਡਰੱਗਜ਼ ਦੇ ਸ੍ਰੋਤ ਅਤੇ ਮੁਕਾਮ, ਹੋਰ ਨਸ਼ੀਲੇ ਪਦਾਰਥਾਂ ਜਾਂ ਆਈ ਏ ਪੀ ਨੂੰ ਰੱਖਣ ਵਾਲੀ ਥਾਂ ਅੇਤ ਹੋਰ ਪ੍ਰਮੁੱਖ ਸਾਥੀਆਂ ਬਾਰੇ ਹੋਣਾ ਚਾਹੀਦਾ ਹੈ। ਇਹ ਉਸ ਤੋਂ ਬਾਅਦ ਦੀ ਤੁਰੰਤ ਕਾਰਵਾਈ ਦਾ ਅਧਾਰ ਬਣ ਸਕਦਾ ਹੈ। ਵਿਅਕਤੀ ਦਾ ਇਸ ਤੋਂ ਬਾਅਦ ਦਾ ਬਿਆਨ ਉਸ ਨੂੰ ਜਾਂਚ ਅਧਿਕਾਰੀ (ਡੀ ਐਲ ਈ ਓ) ਦੇ ਦਫ਼ਤਰ ਵਿਚ ਕੁਝ ਚਿਰ ਲਈ ਅਰਾਮ ਦੇਣ ਤੋਂ ਬਾਅਦ ਅਤੇ ਜਾਂਚ ਅਧਿਕਾਰੀ (ਡੀ ਐਲ ਈ ਓ) ਦੇ ਦਫ਼ਤਰ ਵਿਚ ਮੁਕੰਮਲ ਤੱਥਾਂ, ਰਿਕਾਰਡਾਂ ਅਤੇ ਇਸ ਵਿਚ ਨਾਲ-ਨਾਲ ਕੀਤੀ ਜਾਂਚ-ਪੜਤਾਲ ਦੇ ਅਧਾਰ 'ਤੇ ਲਿਆ ਜਾ ਸਕਦਾ ਹੈ।

**ਗਵਾਹਾਂ ਦੀ ਵੀ ਜਾਂਚ-ਪੜਤਾਲ ਕਰੋ :** - ਇਸ ਤੋਂ ਬਾਅਦ ਜਾਂਚ-ਪੜਤਾਲ (ਪੁੱਛ-ਗਿੱਛ) ਕੀਤੇ ਜਾਂਦੇ ਵਿਅਕਤੀਆਂ ਵਿਚ ਤਲਾਸ਼ੀ ਦੇ ਗਵਾਹ ਆਉਂਦੇ ਹਨ ਜੋ ਸਮੁੱਚੀ ਤਲਾਸ਼ੀ ਦੀ ਕਾਰਵਾਈ, ਹਾਸਲ ਹੋਏ ਸਮਾਨ ਅਤੇ ਜ਼ਬਤੀ ਅਤੇ ਸ਼ਾਇਦ ਮਾਲਕ ਜਾਂ ਰੱਖਣ ਵਾਲੇ ਦਾ ਇਹ ਮੰਨਣਾ ਕਿ ਹਾਸਲ ਹੋਇਆ ਪਦਾਰਥ ਐਨ ਡੀ, ਪੀ ਐੱਸ ਜਾਂ

ਸੀ ਐੱਸ ਹੈ, ਦੇ ਸਮੇਂ ਆਪਣੇ ਹਾਜ਼ਰ ਹੋਣ ਬਾਰੇ ਬਿਆਨ ਦੇਣਗੇ। ਇਹ ਮੱਤਵਪੂਰਨ ਹੈ ਕਿਉਂਕਿ ਅਦਾਲਤ ਵਿਚ ਮੁਕੱਦਮੇ ਦੇ ਸਮੇਂ ਉਨ੍ਹਾਂ ਦੇ ਕਿਸੇ ਵੀ ਕਾਰਣ ਨਾ ਮੌਜੂਦ ਹੋਣ ਤੇ ਉਨ੍ਹਾਂ ਦੇ ਲਿਖਤੀ ਬਿਆਨਾਂ ਨੂੰ ਸਰਕਾਰੀ ਵਕੀਲ (Prosecution) ਵੱਲੋਂ ਸਬੂਤ ਵਜੋਂ ਪੇਸ਼ ਕੀਤਾ ਜਾ ਸਕੇਗਾ।

**ਪੁਲਿਸ ਅਤੇ ਧਾਰਾ 67 :-** ਜਾਂਚ ਅਧਿਕਾਰੀ (ਡੀ ਐਲ ਈ ਓ) ਜੇਕਰ ਉਹ ਪੁਲਿਸ ਵੱਲੋਂ ਹੈ ਤਾਂ ਵੀ ਉਸ ਨੂੰ ਨਸ਼ਾ ਸਬੰਧੀ ਅਪਰਾਧਾਂ ਦੀ ਜਾਂਚ ਕਰਨ ਦੌਰਾਨ ਧਾਰਾ 67 ਅਧੀਨ ਬਿਆਨ ਦਰਜ ਕਰਨਾ ਚਾਹਿਦਾ ਹੈ ਅਤੇ ਉਹ ਸਪੱਸ਼ਟ ਰੂਪ ਵਿਚ ਦੱਸੇਗਾ ਕਿ ਬਿਆਨ ਧਾਰਾ 161 ਸੀ ਆਰ ਪੀ ਐੱਸ, ਨਾਲ ਪੜ੍ਹੇ ਜਾਂਦੀ ਐੱਨ ਡੀ ਪੀ ਐੱਸ ਐਕਟ ਦੀ ਧਾਰਾ 67 ਤਹਿਤ ਦਰਜ ਕੀਤਾ ਜਾ ਰਿਹਾ ਹੈ। ਫਿਰ ਉਹ ਵਿਅਕਤੀ ਨੂੰ ਆਪਣੀ ਹੱਥ ਲਿਖਤ ਵਿਚ ਲਿਖਣ ਲਈ ਕਹਿ ਸਕਦਾ ਹੈ ਅਤੇ ਉਸ ਨੂੰ ਆਪਣੇ ਬਿਆਨ ਉਤੇ ਹਸਤਾਖਰ ਕਰਨ ਲਈ ਕਹਿ ਸਕਦਾ ਹੈ। ਅਜਿਹਾ ਕਰਨ ਨਾਲ ਐੱਨ ਡੀ ਪੀ ਐੱਸ ਐਕਟ ਦੀਆਂ ਧਾਰਾਵਾਂ 53-ਏ ਅਤੇ 66 ਤਹਿਤ ਮੁਹੱਈਆ ਸਕਾਰਾਤਮਕ ਸੰਭਾਵਨਾਵਾਂ ਦਾ ਲਾਭ ਸਰਕਾਰੀ ਵਕੀਲ (Prosecution) ਵਜੋਂ ਚੁੱਕਿਆ ਜਾ ਸਕਦਾ ਹੈ।

**ਅਨਪੜ੍ਹ ਵਿਅਕਤੀਆਂ ਦੀ ਪੁੱਛ-ਗਿੱਛ (ਜਾਂਚ-ਪੜਤਾਲ) :-** ਜੇਕਰ ਅਜਿਹੇ ਵਿਅਕਤੀ ਦੀ ਜਾਂਚ-ਪੜਤਾਲ ਹੋ ਰਹੀ ਹੈ ਜੋ ਕਿ ਭਾਸ਼ਾ ਲਿਖਣਾ ਨਹੀਂ ਜਾਣਦਾ ਪਰ ਬੋਲ ਸਕਦਾ ਹੈ ਤਾਂ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਕਿਸੇ ਦੂਸਰੇ ਵਿਅਕਤੀ ਦੀ ਸਹਾਇਤਾ ਲੈਣੀ ਚਾਹੀਦੀ ਹੈ ਜੋ ਭਾਸ਼ਾ ਜਾਣਦਾ ਹੈ ਅਤੇ ਉਸ ਨੂੰ ਜਾਂਚ-ਪੜਤਾਲ ਕੀਤੇ ਜਾ ਰਹੇ ਵਿਅਕਤੀ ਵੱਲੋਂ ਬਿਆਨ ਲਿਖਣ ਲਈ ਬੇਨਤੀ ਕਰ ਸਕਦਾ ਹੈ। ਬਿਆਨ ਦੇ ਅਰੰਭ ਅਤੇ ਅੰਤ ਵਿਚ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਕਤ ਹਾਲਾਤਾਂ ਵਿਚ ਬਿਆਨ ਕਿਸੇ ਦੂਸਰੇ ਵਿਅਕਤੀ ਦੀ ਸਹਾਇਤਾ ਨਾਲ ਲਿਖੇ ਹਨ। ਬਿਆਨ ਲਿਖ ਰਿਹਾ ਵਿਅਕਤੀ, ਬਿਆਨ ਪੜ੍ਹ ਕੇ ਉਸ ਵਿਅਕਤੀ ਨੂੰ ਸੁਣਾਵੇ ਜਿਸ ਦੀ ਕਿ ਪੁੱਛ-ਗਿੱਛ ਚੱਲ ਰਹੀ ਹੈ, ਉਸ ਦੀ ਪ੍ਰਵਾਨਗੀ ਅਤੇ ਸੰਤੁਸ਼ਟੀ ਲਈ ਜਾਵੇ ਕਿ ਬਿਆਨ ਸਹੀ ਦਰਜ ਕੀਤਾ ਗਿਆ ਹੈ ਅਤੇ ਇਹ ਤੱਥ ਬਿਆਨ ਵਿਚ ਸਪੱਸ਼ਟ ਰੂਪ ਵਿਚ ਦਰਜ ਕੀਤਾ ਜਾਣਾ ਚਾਹੀਦਾ ਹੈ। ਫਿਰ ਇਸ ਉੱਤੇ

ਉਸ ਵਿਅਕਤੀ ਦੇ ਹਸਤਾਖ਼ਰ ਲਏ ਜਾਣੇ ਚਾਹੀਦੇ ਹਨ ਜਿਸ ਨੇ ਕਿ ਬਿਆਨ ਦਿੱਤਾ ਹੈ, ਅਤੇ ਨਾਲ ਹੀ ਉਸ ਵਿਅਕਤੀ ਦੇ ਵੀ ਹਸਤਾਖ਼ਰ ਲਏ ਜਾਣੇ ਚਾਹੀਦੇ ਹਨ ਜਿਸ ਨੇ ਕਿ ਬਿਆਨ ਲਿਖਿਆ।

**ਡੂੰਘਾਈ ਨਾਲ ਸਵਾਲ-ਜਵਾਬ :-** ਬਿਆਨ ਦਰਜ ਕਰਨ ਵੇਲੇ ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਅਜਿਹੇ ਸਵਾਲ ਪੁੱਛਣੇ ਚਾਹੀਦੇ ਹਨ ਕਿ ਜਾਂਚ ਕੀਤੇ ਜਾ ਰਹੇ ਵਿਅਕਤੀ ਤੋਂ ਵੱਧ ਤੋਂ ਵੱਧ ਵੇਰਵਾ ਹਾਸਲ ਕੀਤਾ ਜਾ ਸਕੇ। ਬਿਆਨ ਵਿਚ ਵਿਅਕਤੀ ਦੀ ਮੁਕੰਮਲ ਨਿੱਜੀ/ਕਿੱਤੇ ਸਬੰਧੀ/ਪੇਸ਼ੇ ਸਬੰਧੀ ਅਤੇ ਵਿੱਤੀ ਜਾਣਕਾਰੀ ਜਿਸ ਵਿਚ ਸੰਪਤੀ ਅਤੇ ਦੇਣਦਾਰੀਆਂ, ਰਿਸ਼ਤੇਦਾਰ ਅਤੇ ਕਾਰੋਬਾਰੀ ਸਹਿਯੋਗੀਆਂ, ਡਰੱਗਜ਼/ਹਾਸਲ ਹੋਏ ਸਬੂਤ, ਡਰੱਗਜ਼ ਦਾ ਸ੍ਰੋਤ/ ਮੁਕਾਮ/ ਵਿਕਰੀ/ ਖਰੀਦ, ਧਨ ਹੋਰ ਸਾਥੀ, ਪਿਛਲੇ ਸਮੇਂ ਵਿਚ ਕੋਈ ਹੱਥ ਹੋਣ ਸਬੰਧੀ ਆਦਿ ਵਿਚ ਉਸ ਦੀ ਅਸਲ ਭੂਮਿਕਾ ਬਾਰੇ ਸਹੀ ਪਤਾ ਲੱਗ ਸਕੇ। ਦੱਸੇ ਗਏ ਵੇਰਵੇ ਸਪੱਸ਼ਟ ਅਤੇ ਪੁਸ਼ਟੀਯੋਗ ਹੋਣੇ ਚਾਹੀਦੇ ਹਨ।

**ਸੁਰੱਖਿਆ ਉਪਾਅ :** - ਜਾਂਚ ਅਧਿਕਾਰੀ (ਡੀ ਐਲ ਈ ਓ) ਨੂੰ ਆਪਣੀ ਸੁਰੱਖਿਆ ਅਤੇ ਉਸ ਵਿਅਕਤੀ ਜਿਸ ਦੀ ਕਿ ਜਾਂਚ ਹੋ ਰਹੀ ਹੈ, ਦੀ ਸੁਰੱਖਿਆ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਅਜਿਹੇ ਵਿਅਕਤੀਆਂ ਦੀ ਜਾਂਚ ਪੜਤਾਲ ਇਕ ਤੱਥ ਲੱਭਣ ਦੀ ਕਾਰਵਾਈ ਹੈ ਜਿਹੜੀ ਕਿ ਡੀ ਐੱਲ ਈ ਓ ਅਤੇ ਜਾਂਚ ਕੀਤੇ ਜਾ ਰਹੇ ਵਿਅਕਤੀ ਦੋਹਾਂ ਲਈ ਹੀ ਲਾਹੇਵੰਦ ਹੈ। ਜਦੋਂ ਕਿ ਜਾਂਚ ਅਧਿਕਾਰੀ (ਡੀ ਐਲ ਈ ਓ) ਕੀਤੇ ਗਏ ਅਪਰਾਧ ਦੇ ਸਬੂਤ ਅਤੇ ਹੋਰ ਸੁਰਾਗ ਲੈਣ ਦਾ ਯਤਨ ਕਰਦਾ ਹੈ, ਜਾਂਚ ਕੀਤੇ ਜਾ ਰਹੇ ਵਿਅਕਤੀ ਜਾਂ ਅਪਰਾਧੀ ਨੂੰ ਆਪਣੀ ਬੇਗੁਨਾਹੀ, ਜੇਕਰ ਉਹ ਹੈ, ਸਾਬਤ ਕਰਨ ਦਾ ਜਾਂ ਅਪਰਾਧ ਵਿਚ ਕਿਸ ਹੱਦ ਤੱਕ ਉਸ ਦੀ ਭੂਮਿਕਾ ਹੈ, ਬਾਰੇ ਦੱਸਣ ਦਾ ਮੌਕਾ ਮਿਲਦਾ ਹੈ। ਗ੍ਰਿਫਤਾਰੀ ਤੋਂ ਪਹਿਲਾਂ ਦੀ ਇਸ ਜਾਂਚ ਦੌਰਾਨ, ਜਾਂਚ ਪੜਤਾਲ ਕੀਤੇ ਜਾ ਰਹੇ ਵਿਅਕਤੀ ਨੂੰ ਡੀ ਐੱਲ ਈ ਓ ਦੀ ਹਿਰਾਸਤ ਵਿਚ ਰੱਖਿਆ ਨਹੀਂ ਕਿਹਾ ਜਾ ਸਕਦਾ, ਫਿਰ ਵੀ ਆਪਣੇ ਆਪ ਨੂੰ ਸੱਟ ਪਹੁੰਚਾਉਣ, ਆਤਮਘਾਤ ਕਰਨ ਆਦਿ ਦੇ ਕਿਸੇ ਵੀ ਦੁਖਾਂਤ ਨੂੰ ਰੋਕਣ ਲਈ ਉਚਿਤ ਸਾਵਧਾਨੀ ਅਤੇ ਚੌਕਸੀ ਵਰਤਣੀ ਚਾਹੀਦੀ ਹੈ।

# ਅਧਿਆਇ- 12

## ਗ੍ਰਿਫਤਾਰੀ : ਗ੍ਰਿਫਤਾਰ ਵਿਅਕਤੀ ਦੀ ਹਿਰਾਸਤ ਦੌਰਾਨ ਕਾਰਵਾਈ ਅਤੇ ਸਾਵਧਾਨੀਆਂ

ਐੱਨ ਡੀ ਪੀ ਐਸ ਐਕਟ ਦੀ ਧਾਰਾ 37 (ਏ) ਦੀਆਂ ਸ਼ਰਤਾਂ ਅਨੁਸਾਰ ਇਸ ਐਕਟ ਤਹਿਤ ਹਰੇਕ ਸਜ਼ਾਯੋਗ ਅਪਰਾਧ ਮੁਕੱਦਮਾ ਚਲਾਉਣਯੋਗ (cognizable) ਹੋਵੇਗਾ। ਜਾਂਚ ਅਧਿਕਾਰੀ (ਡੀ ਐਲ ਈ ਓ) ਦੁਆਰਾ, ਤਲਾਸ਼ੀ ਅਤੇ ਵਸੂਲੀ ਦੇ ਅਧਾਰ ਤੇ ਕੇਸ ਸਥਾਪਤ ਕਰਨ, ਉਸ ਦੁਆਰਾ ਦਿੱਤੇ ਗਏ ਬਿਆਨ ਅਤੇ ਹੋਰਨਾਂ ਵਿਅਕਤੀਆਂ ਦੇ ਬਿਆਨਾਂ ਦੇ ਅਧਾਰ 'ਤੇ ਅਤੇ ਹੋਰਵੇਂ ਸਬੂਤਾਂ ਦੇ ਅਧਾਰ ਤੇ ਕਿ ਉਸ ਨੇ ਇਹ ਅਪਰਾਧ ਕੀਤਾ ਹੈ ਜੋ ਕਿ ਐੱਨ ਡੀ ਪੀ ਐੱਸ ਐਕਟ ਤਹਿਤ ਸਜ਼ਾਯੋਗ ਅਪਰਾਧ ਬਣਦਾ ਹੈ, ਤੋਂ ਬਾਅਦ ਕਿਸੇ ਵਿਅਕਤੀ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ। ਉਸ ਨੂੰ ਲਿਖਤੀ ਰੂਪ ਵਿਚ ਗ੍ਰਿਫਤਾਰੀ ਮੀਮੋ ਤਿਆਰ ਕਰਨਾ ਚਾਹੀਦਾ ਹੈ ਜਿਸ ਵਿਚ ਉਸ ਦੀ ਗ੍ਰਿਫਤਾਰੀ ਦਾ ਕਾਰਣ, ਮਿਤੀ ਅਤੇ ਗ੍ਰਿਫਤਾਰੀ ਦੇ ਸਮੇਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ ਅਤੇ ਮੁਲਜ਼ਮ ਨੂੰ ਉਸ ਦੀ ਗ੍ਰਿਫਤਾਰੀ ਦੇ ਕਾਰਣਾਂ ਬਾਰੇ ਸੂਚਿਤ ਕਰਨਾ ਚਾਹੀਦਾ ਹੈ।

**ਸੇਧਾਂ** : - ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਡੀ. ਕੇ. ਬਾਸੂ ਬਨਾਮ ਪੱਛਮੀ ਬੰਗਾਲ ਸਰਕਾਰ ਦੇ ਕੇਸ ਵਿਚ ਭਾਰਤ ਦੀ ਸਰਵਉੱਚ ਅਦਾਲਤ (Supreme Court) ਦੁਆਰਾ ਬਣਾਏ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਸ ਬਾਰੇ ਵਿਸ਼ੇਸ਼ਤਾਵਾਂ ਨਿਮਨ ਲਿਖਤ ਅਨੁਸਾਰ ਦਿੱਤੀਆਂ ਗਈਆਂ ਹਨ:-

(i) ਮੁਲਜ਼ਮ ਦੀ ਤਫਤੀਸ਼ ਕਰਨ ਵਾਲੇ ਅਧਿਕਾਰੀ ਤੇ ਉਸ ਦਾ ਸ਼ਨਾਖਤੀ ਕਾਰਡ ਅਤੇ ਅਹੁਦੇ ਬਾਰੇ ਟੈਗ ਲੱਗਿਆ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਨਾਮ ਰਜਿਸਟਰ ਵਿਚ ਦਰਜ ਹੋਣੇ ਚਾਹੀਦੇ ਹਨ।

(ii) ਗ੍ਰਿਫਤਾਰੀ ਸਮੇਂ ਗ੍ਰਿਫਤਾਰ ਕਰਨ ਵਾਲੇ ਅਧਿਕਾਰੀ ਨੂੰ ਇਕ ਮੀਮੋ ਤਿਆਰ ਕਰਨਾ ਚਾਹੀਦਾ ਹੈ ਜੋ ਕਿ ਘੱਟੋ ਘੱਟ ਇਕ ਗਵਾਹ ਵੱਲੋਂ ਹਸਤਾਖ਼ਰਿਤ ਹੋਣਾ ਚਾਹੀਦਾ ਹੈ ਜੋ ਜਾਂ ਤਾਂ ਮੁਲਜ਼ਮ ਦੇ ਪਰਿਵਾਰ ਦਾ ਮੈਂਬਰ ਹੋਵੇ ਜਾਂ ਫਿਰ ਉਸ ਮੁਹੱਲੇ ਦਾ ਕੋਈ ਜ਼ਿੰਮੇਵਾਰ ਨਾਗਰਿਕ ਹੋਵੇਗਾ। ਮੀਮੋ ਤੇ ਮੁਲਜ਼ਮ ਦੁਆਰਾ ਪ੍ਰਤੀ ਹਸਤਾਖ਼ਰ ਕੀਤੇ ਜਾਣੇ ਚਾਹੀਦੇ ਹਨ ਜਿਸ ਵਿਚ ਗ੍ਰਿਫਤਾਰੀ ਦਾ ਸਮਾਂ ਅਤੇ ਮਿਤੀ ਜ਼ਰੂਰੀ ਲਿਖਣੀ ਚਾਹੀਦੀ ਹੈ।

(iii) ਮੁਲਜ਼ਮ ਨੂੰ ਆਪਣੀ ਭਲਾਈ ਲਈ ਆਪਣੇ ਕਿਸੇ ਇਕ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਆਪਣੀ ਗ੍ਰਿਫਤਾਰੀ ਬਾਰੇ ਅਤੇ ਉਸ ਦੀ ਹਿਰਾਸਤ ਦੇ ਸਥਾਨ ਬਾਰੇ ਸੂਚਿਤ ਕਰਨ ਦਾ ਅਧਿਕਾਰ ਹੈ।

(iv) ਜੇਕਰ ਗ੍ਰਿਫਤਾਰ ਵਿਅਕਤੀ ਕਿਸੇ ਹੋਰਵੇਂ ਜ਼ਿਲ੍ਹੇ ਜਾਂ ਕਸਬੇ ਵਿਚ ਦਾ ਰਹਿਣ ਵਾਲਾ ਹੈ ਤਾਂ ਉਸ ਜ਼ਿਲ੍ਹੇ ਦੇ ਕਾਨੂੰਨੀ ਸਹਾਇਤਾ ਸੰਗਠਨ ਜਾਂ ਉਸ ਇਲਾਕੇ ਦੇ ਪੁਲਿਸ ਥਾਣੇ ਨੂੰ ਗ੍ਰਿਫਤਾਰੀ ਬਾਰੇ ਅਤੇ ਸਮੇਂ ਤੇ ਸਥਾਨ ਬਾਰੇ ਗ੍ਰਿਫਤਾਰੀ ਦੇ 8-12 ਘੰਟਿਆਂ ਦੇ ਅੰਦਰ-ਅੰਦਰ ਟੈਲੀਗ੍ਰਾਫ ਰਾਹੀਂ ਸੂਚਿਤ ਕਰਨਾ ਚਾਹੀਦਾ ਹੈ।

(v) ਗ੍ਰਿਫਤਾਰੀ ਸਮੇਂ ਮੁਲਜ਼ਮ ਦਾ ਡਾਕਟਰੀ ਮੁਆਇਨਾ ਕਰਾਉਣਾ ਚਾਹੀਦਾ ਹੈ ਅਤੇ ਕਿਸੇ ਵੱਡੀ ਜਾਂ ਛੋਟੀ ਸੱਟ ਬਾਰੇ 'ਮੁਆਇਨਾ ਮੀਮੋ' ਵਿਚ ਜ਼ਰੂਰ ਦਰਜ ਕੀਤਾ ਜਾਣਾ ਚਾਹੀਦਾ ਹੈ ਜਿਸ ਤੇ ਕਿ ਗ੍ਰਿਫਤਾਰ ਕਰਨ ਵਾਲੇ ਅਧਿਕਾਰੀ ਅਤੇ ਮੁਲਜ਼ਮ ਦੋਹਾਂ ਦੁਆਰਾ ਹਸਤਾਖ਼ਰ ਕੀਤੇ ਜਾਣੇ ਚਾਹੀਦੇ ਹਨ। ਜਾਂਚ ਮੀਮੋ ਦੀ ਇਕ ਕਾਪੀ ਗ੍ਰਿਫਤਾਰ ਕੀਤੇ ਵਿਅਕਤੀ ਨੂੰ ਦਿੱਤੀ ਜਾਣੀ ਚਾਹੀਦੀ

ਹੈ। ਇਸ ਤੋਂ ਬਾਅਦ ਮੁਲਜ਼ਮ ਦੇ ਹਿਰਾਸਤ ਵਿਚ ਲਏ ਜਾਣ ਦੇ ਹਰੇਕ 48 ਘੰਟਿਆਂ ਵਿਚ ਮੁਆਇਨਾ ਕੀਤਾ ਜਾਣਾ ਚਾਹੀਦਾ ਹੈ।

**ਸਾਵਧਾਨੀਆਂ :** -ਕਿਸੇ ਵੀ ਵਿਅਕਤੀ ਦੀ ਗ੍ਰਿਫਤਾਰੀ ਤੋਂ ਬਾਅਦ ਬਿਨਾ ਕਿਸੇ ਵੀ ਦੇਰੀ ਦੇ ਕਾਨੂੰਨ ਅਨੁਸਾਰ 24 ਘੰਟਿਆਂ ਦੇ ਅੰਦਰ-ਅੰਦਰ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨਾ ਜ਼ਰੂਰੀ ਹੈ। ਗ੍ਰਿਫਤਾਰ ਕਰਨ ਵਾਲਾ ਅਧਿਕਾਰੀ ਜਿਸ ਨੇ ਗ੍ਰਿਫਤਾਰੀ ਮੀਮੋ ਤੇ ਦਸਤਖ਼ਤ ਕੀਤੇ ਹਨ, ਨੂੰ ਉਸ ਦੇ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨ ਤੱਕ ਉਸ ਨੂੰ ਆਪਣੀ ਹਿਰਾਸਤ ਵਿਚ ਰੱਖਦਾ ਹੈ। ਇਸ ਲਈ ਉਹ ਮੁਲਜ਼ਮ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੁੰਦਾ ਹੈ। ਮੁਲਜ਼ਮ ਨੂੰ ਹਮੇਸ਼ਾ ਅਪਣੀ ਨਜਰਾਂ ਸਾਹਮਣੇ 'ਤੇ ਉਸ ਦੁਆਰਾ ਭੱਜ ਜਾਣ ਵਾਲੇ ਸਥਾਨ ਜਾਂ ਗੜਬੜ ਵਾਲੇ ਸਥਾਨ ਤੋਂ ਹਮੇਸ਼ਾ ਦੂਰ ਰੱਖਿਆ ਜਾਵੇ।

**ਮੁਲਜ਼ਮ ਦਾ ਸਮਾਨ :** -ਗ੍ਰਿਫਤਾਰੀ ਤੋਂ ਬਾਅਦ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਮੁਲਜ਼ਮ ਦੀ ਚੰਗੀ ਤਰ੍ਹਾਂ ਨਿੱਜੀ ਤਲਾਸ਼ੀ ਲਏਗਾ ਅਤੇ ਉਸ ਤੋਂ ਮਿਲੇ ਸਮਾਨ ਨੂੰ ਆਪਣੇ ਕਬਜ਼ੇ ਵਿਚ ਲਏਗਾ ਅਤੇ ਤਲਾਸ਼ੀ ਵਿਚ ਮਿਲੇ ਸਮਾਨ ਦੀ ਸੂਚੀ (ਜ਼ਮਾਤਲਾਸ਼ੀ) ਤਿਆਰ ਕਰੇਗਾ ਅਤੇ ਉਸ ਤੇ ਆਪਣੇ ਹਸਤਾਖ਼ਰ ਕਰੇਗਾ ਅਤੇ ਮੁਲਜ਼ਮ ਦੇ ਦਸਤਖ਼ਤ ਕਰਵਾਏਗਾ। ਜੇਕਰ ਗ੍ਰਿਫਤਾਰੀ ਵਾਲੇ ਸਥਾਨ ਤੇ ਮੁਲਜ਼ਮ ਦਾ ਕੋਈ ਨਜ਼ਦੀਕੀ ਦੋਸਤ ਜਾਂ ਰਿਸ਼ਤੇਦਾਰ ਮਿਲਦਾ ਹੈ ਤਾਂ ਇਹ ਚੀਜ਼ਾਂ ਮੁਲਜ਼ਮ ਦੀ ਸਹਿਮਤੀ ਨਾਲ ਉਸ ਨੂੰ ਦਿੱਤੀਆਂ ਜਾ ਸਕਦੀਆਂ ਹਨ ਅਤੇ ਮੁਲਜ਼ਮ ਦੀ ਹਾਜ਼ਰੀ ਵਿਚ ਪ੍ਰਾਪਤ ਕਰਤਾ ਪਾਸੋਂ ਰਸੀਦ ਜ਼ਰੂਰ ਲੈਣੀ ਚਾਹੀਦੀ ਹੈ ਤਾਂ ਕਿ ਭਵਿੱਖ ਵਿਚ ਕੋਈ ਝਗੜਾ ਨਾ ਹੋਵੇ। ਇਸ ਲਈ ਉਹ ਝਗੜੇ ਨੂੰ ਰੋਕਣ ਲਈ ਮੁਲਜ਼ਮ ਦੀ ਹਾਜ਼ਰੀ ਵਿਚ ਪ੍ਰਾਪਤ ਕਰਤਾ ਪਾਸੋਂ ਰਸੀਦ ਜ਼ਰੂਰ ਲੈਂਦਾ ਹੈ। ਜੇਕਰ ਸਮਾਨ ਲੈਣ ਲਈ ਕੋਈ ਵੀ ਉਪਲੱਬਧ ਨਹੀਂ ਹੈ ਤਾਂ ਅਜਿਹੇ ਸਮਾਨ ਦੀ ਧਿਆਨਪੂਰਵਕ ਰਖਵਾਲੀ

ਲਈ ਉਸ ਨੂੰ ਪੈਕਿੰਗ ਕਰਕੇ ਅਧਿਕਾਰੀ ਦੇ ਹਸਤਾਖ਼ਰ ਨਾਲ ਸੀਲਬੰਦ ਕਰ ਦੇਵੇਗਾ ਅਤੇ ਮੁਲਜ਼ਮ ਜਾਮਾ ਤਲਾਸ਼ੀ ਵਾਲੇ ਸਮਾਨ ਤੇ ਆਪਣੇ ਹਸਤਾਖ਼ਰ ਕਰੇਗਾ। ਇਨ੍ਹਾਂ ਨੂੰ ਫੇਰ ਮਾਲਖਾਨੇ ਵਿਚ ਜਮ੍ਹਾ ਕਰਵਾਇਆ ਜਾਵੇ ਅਤੇ ਇਨ੍ਹਾਂ ਤੇ ਜਾਮਾ ਤਲਾਸ਼ੀ ਵਾਲੀ ਮੋਹਰ ਦਾ ਨਿਸ਼ਾਨ ਲਗਾਉਂਦਾ ਹੈ। ਇਨ੍ਹਾਂ ਨੂੰ ਫੇਰ ਮਾਲਖਾਨੇ ਵਿਚ ਜਮ੍ਹਾਂ ਕਰਵਾ ਦਿੱਤਾ ਜਾਂਦਾ ਹੈ ਤਾਂ ਕਿ ਮੁਲਜ਼ਮ ਨੂੰ ਉਸ ਦੀ ਮੰਗ ਤੇ ਬਾਅਦ ਵਿਚ ਵਾਪਸ ਕੀਤਾ ਜਾਵੇ।

ਜੇਕਰ ਡਰੱਗ ਲਾੱਅ ਇਨਫੋਰਸਮੈਂਟ ਅਫ਼ਸਰ ਨੇ ਗ੍ਰਿਫਤਾਰੀ ਅਧਿਕਾਰੀ ਹੋਣ ਦੇ ਨਾਤੇ, ਕਿਸੇ ਹੋਰ ਦਫ਼ਤਰੀ ਡਿਊਟੀ ਤੇ ਜਾਣਾ ਹੁੰਦਾ ਹੈ ਤਾਂ ਉਹ ਲਿਖਤੀ ਰੂਪ ਵਿਚ ਵੱਡੇ ਅਧਿਕਾਰੀ ਦੀਆਂ ਹਦਾਇਤਾਂ ਅਨੁਸਾਰ ਲਿਖਤੀ ਦਸਤਾਵੇਜ਼ ਰਾਹੀਂ ਮੁਲਾਜ਼ਮ ਨੂੰ ਕਿਸੇ ਦੂਸਰੇ ਅਧਿਕਾਰੀ ਦੇ ਹਵਾਲੇ ਕਰੇ ਅਤੇ ਪ੍ਰਾਪਤ ਕਰੇ ਇਸ 'ਤੇ ਦੋਹਾਂ ਦੇ ਦਸਤਖ਼ਤ ਹੋਣਗੇ।

**ਵਿਦੇਸ਼ੀ ਨਾਗਰਿਕ** :- ਵਿਦੇਸ਼ੀ ਨਾਗਰਿਕ ਦੀ ਗ੍ਰਿਫਤਾਰੀ ਦੇ ਮਾਮਲੇ ਵਿਚ ਡਰੱਗ ਲਾੱਅ ਇਨਫੋਰਸਮੈਂਟ ਅਫ਼ਸਰ ਨਿਮਨ ਲਿਖਤ ਨੂੰ ਗ੍ਰਿਫਤਾਰੀ ਦੇ ਵੇਰਵੇ ਭੇਜਦਾ ਹੈ:

1. ਸੰਯੁਕਤ ਸਕੱਤਰ, ਸੀ ਪੀ ਵੀ ਡਿਵੀਜ਼ਨ, ਐਮ ਈ ਏ, ਪਟਿਆਲਾ ਹਾਊਸ, ਨਵੀਂ ਦਿੱਲੀ।
2. ਗ੍ਰਹਿ ਮਾਮਲੇ ਮੰਤ੍ਰਾਲਾ, ਫੋਰਨਰਜ਼ ਡਿਵੀਜ਼ਨ, ਨੰ. 26 ਮਾਨ ਸਿੰਘ ਰੋਡ, ਜੈਸਲਮੇਰ ਹਾਊਸ, ਨਵੀਂ ਦਿੱਲੀ।

# ਅਧਿਆਇ-13

## ਗ੍ਰਿਫਤਾਰ ਵਿਅਕਤੀ ਦਾ ਰਿਮਾਂਡ ਅਤੇ ਜ਼ਬਤ ਨਸ਼ੀਲੇ ਪਦਾਰਥਾਂ ਨੂੰ ਮਾਲਖਾਨੇ ਵਿਚ ਜਮ੍ਹਾਂ ਕਰਾਉਣਾ

ਡਰੱਗ ਲਾੱਅ ਇਨਫੋਰਸਮੈਂਟ ਅਫ਼ਸਰ ਦੁਅਰਾ ਇਕ ਵਾਰ ਗ੍ਰਿਫਤਾਰੀ ਤੋਂ ਬਾਅਦ ਅਤੇ ਉਸ ਦੁਆਰਾ ਫੜੇ ਗਏ ਨਸ਼ੀਲੇ ਪਦਾਰਥਾਂ ਲਈ ਕਾਨੂੰਨ ਤਹਿਤ ਜੋ ਲਾਜ਼ਮੀ ਹੈ, ਬਾਰੇ ਬਹੁਤ ਸਾਰੀ ਕਾਰਵਾਈ ਕਰਨ ਦੀ ਲੋੜ ਹੁੰਦੀ ਹੈ।

**ਮੁਲਜ਼ਮ ਦਾ ਰਿਮਾਂਡ :** - ਐਨ ਡੀ ਪੀ ਐੱਸ ਐਕਟ ਦੀ ਧਾਰਾ 52 (2) ਇਹ ਨਿਰਧਾਰਤ ਕਰਦੀ ਹੈ ਕਿ ਗ੍ਰਿਫਤਾਰ ਕੀਤੇ ਗਏ ਹਰੇਕ ਵਿਅਕਤੀ ਅਤੇ ਐਕਟ ਦੀ ਧਾਰਾ 41 (2), 43 ਜਾਂ 44 ਤਹਿਤ ਫੜੀ ਗਈ ਹਰੇਕ ਵਸਤੂ/ਸਮਾਨ ਨੂੰ ਬਿਨਾ ਕਿਸੇ ਗੈਰ ਜ਼ਰੂਰੀ ਦੇਰੀ ਤੋਂ (ੳ) ਨੇੜੇ ਦੇ ਪੁਲਿਸ ਥਾਣੇ ਦੇ ਥਾਣਾ ਮੁਖੀ ਕੋਲ ਪੇਸ਼ ਕੀਤਾ ਜਾਵੇ ਜਾਂ (ਅ) ਧਾਰਾ 53 ਅਧੀਨ ਅਧੀਕ੍ਰਿਤ ਅਧਿਕਾਰੀ ਕੋਲ ਪੇਸ਼ ਕੀਤਾ ਜਾਵੇ। ਕਿਉਂਕਿ ਡਰੱਗ ਲਾਅ ਇਨਫੋਰਸਮੈਂਟ ਅਫ਼ਸਰ ਅਧਿਕ੍ਰਿਤ ਅਧਿਕਾਰੀ ਹੈ ਇਸ ਲਈ ਉਨ੍ਹਾਂ ਨੂੰ ਗ੍ਰਿਫਤਾਰ ਕੀਤੇ ਗਏ ਵਿਅਕਤੀ ਨੂੰ ਨੇੜੇ ਦੇ ਪੁਲਿਸ ਥਾਣਾ ਇੰਚਾਰਜ ਕੋਲ ਪੇਸ਼ ਕਰਨ ਦੀ ਲੋੜ ਨਹੀਂ ਹੈ। ਫਿਰ ਵੀ ਅਜਿਹਾ ਕੀਤਾ ਜਾ ਸਕਦਾ ਹੈ ਜੇਕਰ ਇਨਫੋਰਸਮੈਂਟ ਅਧਿਕਾਰੀ ਕੋਲ ਮੁਲਜ਼ਮ ਦੀ ਸੁਰੱਖਿਆ ਲਈ ਕੋਈ ਇੰਤਜ਼ਾਮ ਨਹੀਂ ਹੈ ਅਤੇ ਮੁਲਜ਼ਮ ਨੂੰ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨ ਤੋਂ ਪਹਿਲਾਂ ਸੁਰੱਖਿਅਤ ਸਥਾਨ ਦੀ ਲੋੜ ਹੈ।

ਉਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 22 (2) ਅਤੇ ਜਾਬਤਾ ਫੌਜਦਾਰੀ (Cr. P. C.) ਦੀ ਧਾਰਾ 56/57 ਵਿਚ ਲੋੜੀਂਦੇ ਅਨੁਸਾਰ ਹਿਰਾਸਤ ਵਿਚ ਲਏ ਗਏ ਵਿਅਕਤੀ ਨੂੰ ਉਸ ਦੀ ਗ੍ਰਿਫਤਾਰੀ ਦੇ 24 ਘੰਟਿਆਂ ਦੇ ਅੰਦਰ-ਅੰਦਰ ਜਿਸ ਵਿਚੋਂ ਗ੍ਰਿਫਤਾਰੀ ਵਾਲੇ ਸਥਾਨ ਤੋਂ ਲੈ ਕੇ ਮੈਜਿਸਟ੍ਰੇਟ ਦੀ ਅਦਾਲਤ ਤੱਕ ਪਹੁੰਚਣ ਦੇ ਸਮੇਂ ਨੂੰ ਕੱਢ ਕੇ, ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਯਾਦ ਰੱਖੋ ਅਜਿਹੇ ਕਿਸੇ ਵੀ ਵਿਅਕਤੀ ਨੂੰ ਮੈਜਿਸਟ੍ਰੇਟ ਦੀ ਪ੍ਰਵਾਨਗੀ ਤੋਂ ਬਗੈਰ ਇਸ ਸਮੇਂ ਤੋਂ ਵੱਧ ਸਮੇਂ ਲਈ ਹਿਰਾਸਤ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ।

**ਫੜੀ ਗਈਆਂ ਵਸਤੂਆਂ ਨੂੰ ਸਟੋਰ ਕਰਨਾ :-** ਕੇਂਦਰੀ ਅਤੇ ਰਾਜ ਸਰਕਾਰਾਂ ਦੀਆਂ ਏਜੰਸੀਆਂ ਨੇ ਫੜੀਆਂ ਗਈਆਂ ਵਸਤੂਆਂ ਲਈ ਪਹਿਲਾਂ ਹੀ ਗੋਦਾਮ/ਮਾਲਖਾਨੇ ਬਣਾਏ ਹੋਏ ਹਨ। ਗੋਦਾਮਾਂ/ ਮਾਲਖਾਨਿਆਂ ਦੀ ਚੋਣ ਸਮਾਨ ਦੀ ਸੁਰੱਖਿਆ, ਅਦਾਲਤ ਦੀ ਨੇੜਤਾ, ਆਸਾਨੀ ਨਾਲ ਟ੍ਰਾਂਸਪੋਰਟੇਸ਼ਨ ਆਦਿ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਗੁਦਾਮਾਂ/ਮਾਲਖਾਨਿਆਂ ਨੂੰ ਕਿਸੇ ਗਜ਼ਟਿਡ ਅਫ਼ਸਰ ਦੇ ਸਮੁੱਚੇ ਚਾਰਜ ਅਤੇ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ।

**ਕਬਜੇ ਵਿਚ ਲਏ ਸਮਾਨ ਦੀ ਸੰਭਾਲ ਪ੍ਰਕ੍ਰਿਆ (Chain of custody) :-** ਡਰੱਗ ਲਾੱਅ ਇਨਫੋਸਮੈਂਟ ਅਧਿਕਾਰੀ ਮਾਲ ਫੜਨ ਵਾਲੇ ਅਧਿਕਾਰੀ ਵਜੋਂ ਨਸ਼ੀਲੀਆਂ ਦਵਾਈਆਂ ਅਤੇ ਹੋਰਨਾਂ ਫੜੀਆਂ ਹੋਈਆਂ ਵਸਤੂਆਂ/ਸਮਾਨ ਨੂੰ ਪੈਕਟਾਂ ਵਿਚ ਬੰਦ ਕਰਕੇ ਉਨ੍ਹਾਂ ਤੇ ਆਪਣੀ ਮੋਹਰ ਲਗਾਏਗਾ ਅਤੇ ਉਸ ਨੂੰ ਮਾਲਖਾਨੇ ਵਿਚ ਜਮ੍ਹਾ ਕਰਵਾਉਣ ਤੱਕ ਆਪਣੀ ਸੁਰੱਖਿਆ ਅਧੀਨ ਰੱਖੇਗਾ। ਉਹ ਨਸ਼ੀਲੀਆਂ ਦਵਾਈਆਂ ਨੂੰ ਫੜਨ ਦੇ 48 ਘੰਟਿਆਂ ਦੇ ਅੰਦਰ-ਅੰਦਰ ਇਕ ਫਾਰਵਾਰਡਿੰਗ ਮੀਮੋ ਨਾਲ ਜਿਸ ਤੇ ਕਿ ਐਨ ਡੀ ਪੀ ਐੱਸ ਅਪਰਾਧ/ਮੁਕੱਦਮਾ ਨੰ. ਲਿਖਿਆ ਹੁੰਦਾ ਹੈ ਜੋ ਕਿ ਅਪਰਾਧ/ਮੁਕੱਦਮਾ ਰਜਿਸਟਰ ਵਿਚ ਦਰਜ ਮੁਲਜ਼ਮ ਦਾ ਨਾਮ, ਪ੍ਰੇਖਣ ਮੀਮੋ ਦਾ ਹਵਾਲਾ ਨਸ਼ੀਲੇ ਪਦਾਰਥ ਦੀ ਕਿਸਮ ਅਤੇ ਨਸ਼ੀਲੇ ਪਦਾਰਥਾਂ ਦੇ ਪੈਕਟਾਂ ਅਨੁਸਾਰ ਉਨ੍ਹਾਂ ਦਾ ਨੰਬਰ, ਵਜ਼ਨ ਅਤੇ ਪੈਕਿਟਾਂ ਦੀ ਕੁਲ ਗਿਣਤੀ ਲਿਖੀ ਹੁੰਦੀ ਹੈ, ਨੂੰ ਮਾਲਖਾਨੇ ਵਿਚ ਜਮ੍ਹਾਂ ਕਰਵਾਏਗਾ। ਫੜੇ ਗਏ ਸਮਾਨ ਦੇ ਅਧਿਕਾਰੀ ਦੀ ਸਮਰੱਥਾ ਨਾਲ ਡਰੱਗ ਲਾੱਅ ਇਨਫੋਰਸਮੈਂਟ ਦੀ ਸਮਰੱਥਾ ਨਾਲ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਮਾਲਖਾਨੇ ਵਿਚ ਜਮ੍ਹਾ ਕਰਵਾਏ ਗਏ ਸਮਾਨ ਦੀ ਰਸੀਦ ਮਾਲਖਾਨੇ ਦੇ ਇੰਚਾਰਜ ਪਾਸੋਂ ਪ੍ਰਾਪਤ ਕਰੇਗਾ ਅਤੇ ਇਸ ਨੂੰ ਆਪਣੇ ਰਿਕਾਰਡ ਵਿਚ ਸਾਂਭ ਕੇ ਰੱਖੇਗਾ ਜਾਂ ਮੁਕਦਮੇ ਦੇ ਸਾਰੇ ਰਿਕਾਰਡ ਸਮੇਤ ਇਸ ਨੂੰ ਪੜਤਾਲੀਆ ਅਫ਼ਸਰ ਦੇ ਹਵਾਲੇ ਕਰੇਗਾ। ਡਰੱਗ ਇਨਫੋਰਸਮੈਂਟ ਅਫ਼ਸਰ ਅਤੇ ਮਾਲਖਾਨਾ ਇੰਚਾਰਜ ਦੋਵੇਂ ਹੀ ਪੈਕਟਾਂ ਦੀ ਸੀਲਿੰਗ ਨਸ਼ੀਲੀਆਂ ਵਸਤੂਆਂ ਦੇ

ਨਮੂਨਿਆਂ ਦੀ ਸੀਲਿੰਗ ਬਾਰੇ ਅਤੇ ਜਮ੍ਹਾ ਕਰਵਾਉਣ ਸਮੇਂ ਇਨ੍ਹਾਂ ਦੇ ਟੁੱਟਣ ਬਾਰੇ ਜਾਂ ਕੋਰਟ ਵਿਚ ਜਾਂ ਲੈਬ ਵਿਚ ਪੇਸ਼ ਕਰਨ ਜਾਂ ਜਮ੍ਹਾ ਕਰਵਾਉਦ ਸਮੇਂ ਕਿਸੇ ਵੀ ਤਰ੍ਹਾਂ ਦੇ ਨੁਕਸ ਨਾ ਹੋਣ ਬਾਰੇ ਯਕੀਨੀ ਬਣਾਉਣਗੇ।

**ਫੜੇ ਗਏ ਸਮਾਨ/ਮਾਲ ਅਤੇ ਗ੍ਰਿਫਤਾਰੀ ਬਾਰੇ ਰਿਪੋਟ :-** ਐਕਟ ਅਧੀਨ ਫੜੇ ਗਏ ਸਮਾਨ/ਮਾਲ ਜਾਂ ਗ੍ਰਿਫਤਾਰੀ ਤੋਂ ਬਾਅਦ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਤੁਰੰਤ ਹੀ ਐਨ ਡੀ ਪੀ ਐੱਸ ਐਕਟ ਦੀ ਧਾਰਾ 57 ਅਧੀਨ ਕੀਤੀ ਗ੍ਰਿਫਤਾਰੀ ਜਾਂ ਫੜੇ ਗਏ ਮਾਲ ਸਬੰਧੀ 48 ਘੰਟਿਆਂ ਦੇ ਅੰਦਰ-ਅੰਦਰ ਆਪਣੇ ਸੀਨੀਅਰ ਅਧਿਕਾਰੀ ਨੂੰ ਗ੍ਰਿਫਤਾਰੀ/ਫੜੇ ਗਏ ਮਾਲ ਸਬੰਧੀ ਸਾਰੇ ਵੇਰਵਿਆਂ ਦੀ ਰਿਪੋਟ ਕਰੇਗਾ।

**ਫਾਰਮ ਐਫ : -** ਉਸ ਨੂੰ ਫੜੇ ਗਏ ਮਾਲ ਬਾਰੇ ਫਾਰਮ-ਐਫ ਤੇ ਇਕ ਰਿਪੋਟ ਤਿਆਰ ਕਰਕੇ ਡਾਇਰੈਕਟਰ ਜਨਰਲ ਐਨ ਸੀ ਬੀ ਹੈਡ ਕੁਆਟਰ, ਨਵੀਂ ਦਿੱਲੀ ਅਤੇ ਜ਼ੋਨਲ ਡਾਇਰੈਕਟਰ ਐਨ ਸੀ ਬੀ ਅਧਿਕਾਰ ਖੇਤਰ ਵਾਲੇ ਅਧਿਕਾਰੀ ਨੂੰ ਵੀ ਭੇਜਣੀ ਚਾਹੀਦੀ ਹੈ। ਇਹ ਨਸ਼ੀਲੇ ਪਦਾਰਥ ਅਪਰਾਧ ਤੇ ਇਕ ਨੈਸ਼ਨਲ ਡਾਟਾ ਬੇਸ ਤਿਆਰ ਕਰਨ ਅਤੇ ਸਾਂਭ ਸੰਭਾਲ ਵਿਚ ਸਹਾਇਤਾ ਕਰਦਾ ਹੈ। ਫਾਰਮ ਐਫ ਐੱਨ ਸੀ ਬੀ ਦੀ ਵੈਬ ਸਾਈਟ www.norcoticsindia@ nic.in ਤੇ ਉਪਲੱਬਧ ਹੈ ਅਤੇ ਡਾਊਨ ਲੋਡ ਕੀਤਾ ਜਾ ਸਕਦਾ ਹੈ।

# ਅਧਿਆਇ- 14

## ਇਹਤਿਆਤੀ (ਨਿਰੋਧਕ) ਹਿਰਾਸਤ

ਨਸ਼ੀਲੀਆਂ ਦਵਾਈਆਂ ਅਤੇ ਸਾਈਕੋਟ੍ਰੋਪਿਕ ਪਦਾਰਥਾਂ ਦੀ ਨਾਜਾਇਜ਼ ਆਵਾਜਾਈ ਦੀ ਰੋਕਥਾਮ ਐਕਟ 1988 (The prevention of Illicit traffic in Narcotics Drugs and Psychotropic Substances Act) ਅਧੀਨ ਨਸ਼ਿਆਂ ਦੀ ਤਸਕਰੀ ਰੋਕਣ ਲਈ ਤਸਕਰੀ ਨਾਲ ਕਿਸੇ ਵੀ ਕਿਸਮ ਨਾਲ ਸਬੰਧਤ ਵਿਅਕਤਾਂ ਦੀ ਇਕ ਜਾਂ ਦੋ ਸਾਲਾਂ ਲਈ ਹਿਰਾਸਤ ਦਾ ਪ੍ਰਬੰਦ ਹੈ ਤਾਂ ਜੋ ਉਹਨਾਂ ਨੂੰ ਖਤਰਨਾਕ ਅਤੇ ਗਲਤ ਗਤੀਵਿਧੀਆਂ ਵਿਚ ਸ਼ਾਮਿਲ ਹੋਣ ਤੋਂ ਰੋਕਿਆ ਜਾ ਸਕੇ।

**ਹਿਰਾਸਤ ਲਈ ਤਜਵੀਜ਼ :-** ਜਿਵੇਂ ਹੀ ਐਨ ਡੀ ਜਾਂ ਪੀ ਐੱਸ ਦੀ ਤਸਕਰੀ ਕਰਨ ਵਾਲੇ ਕੇਸ ਦਾ ਪਤਾ ਲੱਗਦਾ ਹੈ, ਅਪਰਾਧ ਨਾਲ ਸਬੰਧ ਵਸਤੂਆਂ/ਮਾਲ ਫੜਿਆ ਜਾਂਦਾ ਹੈ, ਮੁੱਢਲੀ ਪੜਤਾਲ ਮੁਕੰਮਲ ਹੋ ਜਾਂਦੀ ਹੈ ਅਤੇ ਮੌਜੂਦਾ ਕੇਸ ਵਿਚ ਜਾਂ ਪਿਛਲੇ ਕੇਸਾਂ ਵਿਚ ਵੱਖ- ਵੱਖ ਵਿਅਕਤੀਆਂ ਦੀ ਭੂਮਿਕਾ ਦੀ ਸਥਾਪਨਾ ਹੋ ਜਾਂਦੀ ਹੈ ਤਾਂ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਇਸ ਕੇਸ ਵਿਚ ਸ਼ਾਮਲ ਵਿਅਕਤੀਆਂ ਨੂੰ ਹਿਰਾਸਤ ਵਿਚ ਲੈਣ ਲਈ ਤਜ਼ਵੀਜ਼ ਤਿਆਰ ਕਰਦਾ ਹੈ, ਚਾਹੇ ਉਹ ਪਹਿਲਾਂ ਤੋਂ ਹੀ ਗ੍ਰਿਫਤਾਰ ਹੋਣ। ਇਸ ਤਜ਼ਵੀਜ਼ ਵਿਚ ਉਹ ਕੇਸ ਦੇ ਤੱਥਾਂ ਬਾਰੇ ਲਿਖਦਾ ਹੈ ਅਤੇ ਇਹ ਕੇਸ ਬਨਾਂਦਾ ਹੈ ਕਿ ਜਦੋਂ ਤੱਕ ਅਜਿਹੇ ਵਿਅਕਤੀ ਨੂੰ ਰੋਕਿਆ ਨਹੀਂ ਜਾਂਦਾ ਤਦ ਤੱਕ ਉਹ ਤਸਕਰੀ ਜਾਰੀ ਰੱਖੇਗਾ। ਡਰੱਗ ਲਾੱਅ ਇਨਫੋਰਸਮੇਂਟ ਅਧਿਕਾਰੀ ਦੁਆਰਾ ਸੰਭਵਤ ਤੁਰੰਤ ਹੀ ਜਾਂ 45 ਦਿਨਾਂ ਦੇ ਅੰਦਰ-ਅੰਦਰ ਤਜਵੀਜ਼ ਡਿਟੇਨਿੰਗ ਅਥਾਰਟੀ (ਡੀ ਏ) ਕੋਲ ਭੇਜੀ ਜਾਂਦੀ ਹੈ। ਇਸ ਤਜਵੀਜ਼ ਦਾ ਮਨੋਨੀਤ ਸਕਰੀਨਿੰਗ ਕਮੇਟੀ ਦੁਆਰਾ ਪ੍ਰੇਖਣ ਅਤੇ ਮੁਲਾਂਕਣ ਕੀਤਾ ਜਾਂਦਾ ਹੈ ਜੋ ਕਿ ਹਿਰਾਸਤ ਦੀ ਤਜਵੀਜ਼ ਜਾਂ ਹੋਰ ਸਿਫਾਰਸ਼ ਕਰਦੀ ਹੈ।

**ਹਿਰਾਸਤੀ ਹੁਕਮ :-** ਹਿਰਾਸਤੀ ਅਥਾਰਟੀ ਦੁਆਰਾ ਸਕਰੀਨਿੰਗ ਕਮੇਟੀ ਦੀ ਤਜਵੀਜ਼ ਤੇ ਵਿਚਾਰ ਕਰਨ ਤੋਂ ਬਾਅਦ ਜੇਕਰ ਉਸ ਦੀ ਤਸੱਲੀ ਹੋ ਜਾਂਦੀ ਹੈ ਤਾਂ ਵਿਅਕਤੀ ਦੇ ਖਿਲਾਫ ਹਿਰਾਸਤੀ

ਹੁਕਮ ਜਾਰੀ ਕੀਤਾ ਜਾਂਦਾ ਹੈ। ਹਿਰਾਸਤੀ ਅਧਿਕਾਰੀ/ਅਥਾਰਟੀ ਜੋ ਕਿ ਕੇਂਦਰ ਸਰਕਾਰ ਵਿਚ ਸੰਯੁਕਤ ਸਕੱਤਰ ਦੀ ਪੱਦਵੀ/ਰੈਂਕ ਦਾ ਅਧਿਕਾਰੀ ਹੁੰਦਾ ਹੈ ਜਾਂ ਰਾਜ ਸਰਕਾਰ ਦੇ ਪ੍ਰਮੁੱਖ ਸਕੱਤਰ ਦੇ ਅਹੁਦੇ ਵਾਲਾ ਅਧਿਕਾਰੀ ਹੈ, ਉਹ ਇਕ ਸਾਲ ਦੇ ਸਮੇਂ ਤੱਕ ਦੇ ਹਿਰਾਸਤੀ ਹੁਕਮ ਜਾਰੀ ਕਰ ਸਕਦਾ ਹੈ ਜੋ ਕਿ ਉੱਚ ਅਦਾਲਤ ਵਿਚ ਸਲਾਹਕਾਰ ਬੋਰਡ ਦੁਆਰਾ ਤਸਦੀਕ ਕਰਨ ਤੇ ਨਿਰਧਾਰਤ ਸ਼ਰਤਾਂ ਤਹਿਤ ਦੋ ਸਾਲਾਂ ਤੱਕ ਦੇ ਸਮੇਂ ਲਈ ਵਧਣਯੋਗ ਹੈ। ਭਾਰਤੀ ਸੰਵਿਧਾਨ ਦੀ ਧਾਰਾ 22 ਅਨੁਸਾਰ ਸਲਾਹਕਾਰ ਬੋਰਡ ਦੀ ਮਨਜ਼ੂਰੀ ਤੋਂ ਬਿਨਾ ਤਿੰਨ ਮਹੀਨੇ ਤੋਂ ਵੱਧ ਕਿਸੇ ਵੀ ਨਾਗਰਿਕ ਨੂੰ ਹਿਰਾਸਤ ਵਿਚ ਰੱਖਣ ਦੀ ਮਨਾਹੀ ਹੈ। ਹਿਰਾਸਤੀ ਹੁਕਮ ਦੀ ਇਕ ਕਾਪੀ ਫੜੇ ਜਾਣ ਵਾਲੀ/ਪ੍ਰਯੋਜਕ ਏਜੰਸੀ ਨੂੰ ਭੇਜੀ ਜਾਂਦੀ ਹੈ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਲੋੜ ਅਨੁਸਾਰ (ਪੁਲਿਸ, ਕਸਟਮ ਆਦਿ) ਦੀ ਸਹਾਇਤਾ ਨਾਲ ਵਿਅਕਤੀ ਨੂੰ ਤਾਮੀਲ ਕਰਾਉਂਦਾ ਹੈ ਅਤੇ ਹੁਕਮ ਵਿਚ ਦਰਸਾਏ ਅਨੁਸਾਰ ਉਸ ਨੂੰ ਜੇਲ੍ਹ ਵਿਚ ਭੇਜਦਾ ਹੈ। ਜੇਕਰ ਵਿਅਕਤੀ ਜੇਲ੍ਹ ਵਿਚ ਹੈ ਤਾਂ ਹਿਰਾਸਤੀ ਹੁਕਮ ਸੁਪਰਡੰਟ ਜੇਲ੍ਹ ਰਾਹੀਂ ਤਾਮੀਲ ਕਰਵਾਇਆ ਜਾਂਦਾ ਹੈ।

**ਹਿਰਾਸਤ ਵਿਚ ਲੈਣ ਦੇ ਆਧਾਰ :** - ਹਿਰਾਸਤੀ ਹੁਕਮ ਅਤੇ ਤੱਥ ਜਿਨ੍ਹਾਂ ਦੇ ਆਧਾਰ ਤੇ ਹਿਰਾਸਤੀ ਹੁਕਮ ਸਮੇਤ ਦਸਤਾਵੇਜ਼ੀ ਸਬੂਤਾਂ ਦੇ ਇਕੋ ਸਮੇਂ ਤਾਮੀਲ ਹੋਣੀ ਚਾਹੀਦੀ ਹੈ ਅਤੇ ਦਸਤਾਵੇਜਾਂ ਦੀ ਹਰੇਕ ਕਾਪੀ ਤੇ ਹਿਰਾਸਤੀ ਦੇ ਦਸਤਖ਼ਤ ਲਏ ਜਾਣੇ ਚਾਹੀਦੇ ਹਨ। ਜੇ ਕਰ ਅਜਿਹਾ ਹੋਣਾ ਸੰਭਵ ਨਹੀਂ ਹੈ ਤਾਂ ਸਭ ਤੋਂ ਪਹਿਲਾਂ ਹਿਰਾਸਤੀ ਹੁਕਮ ਦੀ ਤਾਮੀਲ ਹੋਣੀ ਚਾਹੀਦੀ ਹੈ ਅਤੇ ਹਿਰਾਸਤ ਵਿਚ ਲੈਣ ਸਬੰਧੀ ਤੱਥ/ਆਧਾਰ ਅਤੇ ਹੋਰਵੇਂ ਦਸਤਾਵੇਜ਼ਾਂ ਦੀ ਤਾਮੀਲ 5 ਦਿਨਾਂ ਦੇ ਅੰਦਰ-ਅੰਦਰ ਹੋਣੀ ਚਾਹੀਦੀ ਹੈ। ਅਸਾਧਾਰਣ ਹਾਲਾਤਾਂ ਵਿਚ, ਜੋ ਕਿ ਲਿਖਤੀ ਰੂਪ ਵਿਚ ਦਰਜ ਕੀਤਾ ਜਾਵੇ, ਹਿਰਾਸਤ ਵਿਚ ਲੈਣ ਦੇ 15 ਦਿਨਾਂ ਦੇ ਅੰਦਰ-ਅੰਦਰ ਹਿਰਾਸਤ ਬਾਰੇ ਤੱਥਾਂ ਅਤੇ ਦਸਤਾਵੇਜ਼ਾਂ ਦੀ ਤਾਮੀਲ ਕੀਤੀ ਜਾਵੇ।

**ਸਲਾਹਕਾਰ ਬੋਰਡ :-** ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਹਿਰਾਸਤੀ ਹੁਕਮ

ਲਈ ਸਾਰੇ ਤੱਥ, ਦਸਤਾਵੇਜੀ ਸਬੂਤਾਂ ਤੇ ਹਿਰਾਸਤੀ ਦੇ ਦਸਤਖ਼ਤ ਹੋ ਗਏ ਅਤੇ ਪੀ ਆਈ ਟੀ ਐਨ ਡੀ ਪੀ ਐਸ ਸੈੱਲ, ਨਵੀਂ ਦਿੱਲੀ ਨੂੰ 15 ਦਿਨਾਂ ਦੇ ਅੰਦਰ-ਅੰਦਰ ਭੇਜੇ ਜਾ ਚੁੱਕੇ ਹਨ। ਇਹ ਅਤੀ ਜ਼ਰੂਰੀ ਹੈ ਕਿਉਂਕਿ ਪੀ ਆਈ ਟੀ ਐਸ ਡੀ ਪੀ ਐੱਸ ਸੈੱਲ ਨੇ ਹਿਰਾਸਤ ਦੀ ਮਿਤੀ 5 ਹਫਤਿਆਂ ਦੇ ਅੰਦਰ-ਅੰਦਰ ਮਾਣਯੋਗ ਉੱਚ ਅਦਾਲਤ ਦੇ ਸਲਾਹਕਾਰ ਬੋਰਡ ਕੋਲ ਹਿਰਾਸਤ ਦੇ ਕੇਸ ਨੂੰ ਪੇਸ਼ ਕਰਨਾ ਹੁੰਦਾ ਹੈ ਜਿਸ ਤੇ ਕਿ ਸਲਾਹਕਾਰ ਬੋਰਡ ਨੇ ਹਿਰਾਸਤ ਜਾਰੀ ਰੱਖਣ ਬਾਰੇ, ਹਿਰਾਸਤ ਦੀ ਮਿਤੀ ਤੋਂ 11 ਹਫਤਿਆਂ ਦੇ ਅੰਦਰ-ਅੰਦਰ ਆਪਣੀ ਰਾਏ ਦੇਣੀ ਹੁੰਦੀ ਹੈ।

**ਧਾਰਾ 10 ਤਹਿਤ ਅਧਿਸੂਚਨਾ** :- ਜੇਕਰ ਪੀ ਆਈ ਟੀ ਐਨ ਡੀ ਪੀ ਐਸ ਐਕਟ ਦੀ ਧਾਰਾ 10 ਦੀ ਸਥਿਤੀ ਬਾਰੇ ਤਸੱਲੀ ਹੈ ਅਤੇ ਧਾਰਾ 10 ਵਿਚ ਦਰਸਾਏ ਅਨੁਸਾਰ ਮੁਲਜ਼ਮ ਐਨ ਡੀ ਪੀ ਐਸ ਦੀ ਤਸਕਰੀ ਵਿਚ ਸ਼ਾਮਿਲ ਹੋ ਸਕਦਾ ਹੈ ਅਤੇ ਉਸ ਇਲਾਕੇ ਵਿਚ ਤਸਕਰੀ ਕਰਦਾ ਹੈ ਜੋ ਕਿ ਤਸਕਰੀ ਲਈ ਉੱਚ ਪੱਧਰ ਤੇ ਸੰਵੇਦਨਸ਼ੀਲ ਇਲਾਕਾ ਹੈ ਤਾਂ ਹਿਰਾਸਤ ਦੇ 5 ਹਫ਼ਤਿਆਂ ਦੇ ਅੰਦਰ-ਅੰਦਰ ਵਧੀਕ ਸਕੱਤਰ ਦੇ ਅਹੁਦੇ ਵਾਲੇ ਅਧਿਕਾਰੀ ਦੁਆਰਾ ਧਾਰਾ 10 ਅਧੀਨ ਕੰਮ ਕਰਨ ਲਈ ਹਿਰਾਸਤ ਦੇ 5 ਹਫਤੇ ਅੰਦਰ ਅਧਿਸੂਚਨਾ ਜਾਰੀ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਕੇਸਾਂ ਵਿਚ 5 ਹਫ਼ਤਿਆਂ ਦੀ ਬਜਾਇ ਹਿਰਾਸਤ ਦੀ ਮਿਤੀ ਤੋਂ ਚਾਰ ਮਹੀਨੇ ਅਤੇ ਦੋ ਹਫਤਿਆਂ ਦੇ ਅੰਦਰ ਅੰਦਰ ਕੇਸ ਸਲਾਹਕਾਰ ਬੋਰਡ ਨੂੰ ਭੇਜਿਆ ਜਾਣਾ ਚਾਹੀਦਾ ਹੈ।

**ਹਿਰਾਸਤ ਦੀ ਮਿਆਦ (ਸਮਾਂ)** :- ਉਨ੍ਹਾਂ ਕੇਸਾਂ ਵਿਚ ਜਿੱਥੇ ਕਿ ਪੀ ਆਈ ਐਨ ਡੀ ਪੀ ਐਸ ਐਕਟ ਦੀ ਧਾਰਾ 10 ਅਧੀਨ ਘੋਸ਼ਣਾ ਕੀਤੀ ਗਈ ਹੈ, ਹਿਰਾਸਤ ਵਿਚ ਰੱਖਣ ਦਾ ਵੱਧ ਤੋਂ ਵੱਧ ਦੋ ਸਾਲ ਦਾ ਸਮਾਂ ਹੁੰਦਾ ਹੈ ਜਦ ਕਿ ਧਾਰਾ 10 ਤੋਂ ਇਲਾਵਾ ਵਾਲੇ ਕੇਸਾਂ ਵਿਚ ਇਹ ਮਿਆਦ ਇਕ ਸਾਲ ਹੈ। ਪਹਿਲੇ ਕੇਸ ਵਿਚ ਸਲਾਹਕਾਰ ਬੋਰਡ ਨੂੰ ਆਪਣੀ ਰਾਏ 5 ਮਹੀਨੇ ਅਤੇ 3 ਹਫਤਿਆਂ ਦੇ ਅੰਦਰ-ਅੰਦਰ ਦੇਣੀ ਚਾਹੀਦੀ ਹੈ ਜਦਕਿ ਦੂਸਰੀ ਕਿਸਮ ਦੇ ਕੇਸ ਵਿਚ ਇਹ ਮਿਆਦ ਸੀਮਾ 11 ਹਫ਼ਤਿਆਂ ਦੀ ਹੈ।

**ਦਿਸ਼ਾ ਨਿਰਦੇਸ਼ (ਸੇਧਾਂ)** :- ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਵੱਲੋਂ ਇਹਤਿਆਤੀ ਹਿਰਾਸਤੀ ਮਾਮਲਿਆਂ ਸਬੰਧੀ ਨਿਪਟਣ ਲਈ ਨਿਮਨਲਿਖਤ ਦਿਸ਼ਾ ਨਿਰਦੇਸ਼ਾਂ ਦਾ ਧਿਆਨ ਰੱਖਿਆ ਜਾਵੇ :-

1. ਵਾਰਦਾਤ/ਘਟਨਾ ਦੀ ਮਿਤੀ ਤੋਂ ਬਾਅਦ ਬਿਨਾ ਕਿਸੇ ਦੇਰੀ ਦੇ ਡੀ ਏ ਨੂੰ ਰਿਪੋਟ ਤਿਆਰ ਕਰਕੇ ਭੇਜਣੀ ਚਾਹੀਦੀ ਹੈ। ਜੇ ਕਰ ਕੋਈ ਦੇਰੀ ਹੋ ਜਾਂਦੀ ਹੈ ਤਾਂ ਇਸ ਬਾਰੇ ਤਸੱਲੀਬਖਸ਼ ਸਪਸ਼ਟੀਕਰਣ ਦੇਣਾ ਚਾਹੀਦਾ ਹੈ। (ਜਿਵੇਂ ਕਿ ਟੈਸਟ ਰਿਪੋਟਾਂ ਆਉਣ ਵਿਚ ਦੇਰੀ)

2. ਤਜਵੀਜ਼ ਵਿਚ ਤਾਜਾ ਜੁਡੀਸ਼ੀਅਲ ਸਥਿਤੀ ਬਾਰੇ ਅਤੇ ਜ਼ਮਾਨਤ ਬਾਰੇ ਮੁਕੰਮਲ ਰਿਪੋਟ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਸ ਵਿਚ ਫੁਟਕਲ ਅਰਜ਼ੀਆਂ, ਅਦਾਲਤੀ ਹੁਕਮ ਆਦਿ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

3. ਇਸ ਵਿਚ ਰਸਾਇਣਕ ਨਿਰੀਖਣ ਰਿਪੋਟਾਂ ਨੂੰ ਸ਼ਾਮਲ ਕੀਤਾ ਜਾਣਾ ਜ਼ਰੂਰੀ ਹੈ।

4. ਤਜਵੀਜ਼ ਵਿਚ ਅਧਾਰ ਬਣਾਏ ਗਏ ਸਾਰੇ ਸਬੂਤਾਂ ਸਬੰਧੀ ਦਸਤਾਵੇਜ਼ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

5. ਮੁਲਜ਼ਮ ਨੂੰ ਦਸਤਾਵੇਜ਼ਾਂ ਦੀ ਤਾਮੀਲ ਕਰਵਾਉਣ ਸਮੇਂ ਹਿਰਾਸਤੀ ਹੁਕਮ, ਹਿਰਾਸਤ ਵਿਚ ਰੱਖਣ ਤੇ ਤੱਥ ਅਤੇ ਸਬੂਤਾਂ ਸਬੰਧੀ ਦਸਤਾਵੇਜ਼ਾਂ ਦੀ ਤਾਮੀਲ ਕਰਵਾਉਣ ਸਮੇਂ, ਜੇਕਰ ਮੁਲਜ਼ਮ ਨੂੰ ਉਨ੍ਹਾਂ ਦੀ ਭਾਸ਼ਾਂ ਸਮਝ ਨਹੀਂ ਆਉਂਦੀ ਤਾਂ ਉਸ ਨੂੰ ਸਮਝ ਆਉਣ ਵਾਲੀ ਭਾਸ਼ਾ ਵਿਚ ਤਾਮੀਲ ਕਰਵਾਉਣੀ ਚਾਹੀਦੀ ਹੈ।

6. ਹਿਰਾਸਤੀ ਹੁਕਮ ਅਤੇ ਹਿਰਾਸਤੀ ਤੱਥਾਂ ਨੂੰ ਮੁਲਜ਼ਮ ਨੂੰ ਸਮਝ ਆਉਣ ਵਾਲੀ ਭਾਸ਼ਾ ਵਿਚ ਪੜ੍ਹ ਕੇ ਸੁਣਾਉਣੇ ਚਾਹੀਦੇ ਹਨ।

7. ਹਿਰਾਸਤੀ ਹੁਕਮ ਅਤੇ ਸਬੰਧਤ ਦਸਤਾਵੇਜ਼ਾਂ ਦੀ ਤਾਮੀਲ ਤੋਂ ਬਾਅਦ ਦਸਤਾਵੇਜ਼ਾਂ ਦਾ ਇਕ ਪੂਰਾ ਸੈੱਟ ਜਿਸ ਤੇ ਮੁਲਜ਼ਮ ਦੇ ਦਸਤਖ਼ਤ ਕੀਤੇ ਗਏ ਹਨ, ਨੂੰ ਡੀ ਏ ਦੇ ਪੀ ਆਈ ਟੀ ਐਨ ਡੀ ਪੀ ਐਸ ਸੈੱਲ ਨੂੰ ਭੇਜਿਆ ਜਾਣਾ ਚਾਹੀਦਾ ਹੈ।

8. ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਹਿਰਾਸਤ ਸਬੰਧੀ ਕੇਸ ਅਨੁਸਾਰ ਯੋਗ ਦਸਤਾਵੇਜ਼ਾਂ ਦੇ ਤਿੰਨ ਮੁਕੰਮਲ ਸੈੱਟ ਸਲਾਹਕਾਰ ਬੋਰਡ ਨੂੰ ਉਨ੍ਹਾਂ ਦੀ ਵਰਤੋਂ ਲਈ ਸੂਚੀ ਸਮੇਤ 15 ਦਿਨਾਂ ਦੇ ਅੰਦਰ ਅੰਦਰ ਡੀ ਏ ਦਫ਼ਤਰ ਨੂੰ ਭੇਜੇਗਾ।

9. ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਹਿਰਾਸਤ ਦੇ ਤੁਰੰਤ ਬਾਅਦ ਪੀ ਆਈ ਟੀ ਐਨ ਡੀ ਪੀ ਐਸ ਐਕਟ ਦੀ ਧਾਰਾ 10(1) ਤਹਿਤ ਸਮੇਂ ਸਿਰ ਘੋਸ਼ਣਾ ਲਈ ਕੇਸ ਤਿਆਰ ਕਰਨ ਲਈ ਭੇਜੇਗਾ ਜਿਵੇਂ ਕਿ ਜੇਕਰ ਪੀ ਆਈ ਟੀ ਐਨ ਡੀ ਪੀ ਐਸ ਦੀ ਧਾਰਾ 10 ਅਨੁਸਾਰ ਸੰਵੇਦਨਸ਼ੀਲ ਘੋਸ਼ਿਤ ਕੀਤੇ ਗਏ ਇਲਾਕੇ ਵਿਚ ਤਸਕਰੀ ਬਾਰੇ ਸ਼ਰਤਾਂ ਪੂਰੀਆਂ ਹੋਣ ਦੇ ਨਾਲ ਨਾਲ ਤਸੱਲੀ ਹੁੰਦੀ ਹੈ।

10. ਪ੍ਰਯੋਜਿਤ ਅਥਾਰਟੀ (ਮਾਲ ਫੜਨ ਵਾਲੀ ਏਜੰਸੀ) ਜਾਂ ਕੇਂਦਰ ਸਰਕਾਰ ਨੂੰ ਦਿੱਤੀਆਂ ਸਾਰੀਆਂ ਦਰਖਾਸਤਾਂ/ਪ੍ਰਤੀਆਂ ਉੱਤੇ ਜਲਦੀ ਤੋਂ ਜਲਦੀ ਕਾਰਵਾਈ ਕਰਕੇ, ਪੈਰ੍ਹੇ ਅਨੁਸਾਰ ਟਿੱਪਣੀਆਂ ਤਿਆਰ ਕਰਕੇ ਅਤੇ ਇਕ ਹਫ਼ਤੇ ਦੇ ਅੰਦਰ-ਅੰਦਰ ਪੀ ਆਈ ਟੀ ਐਨ ਡੀ ਪੀ ਐਸ ਸੈੱਲ ਨੂੰ ਜਵਾਬ ਭੇਜਿਆ ਜਾਵੇ।

# ਅਧਿਆਇ- 15

## ਜਾਂਚ-ਪੜਤਾਲ

ਜਾਂਚ ਅਧਿਕਾਰੀ (ਡੀ ਐਲ ਈ ਓ) ਦੇ ਮੁੱਖ ਕੰਮਾਂ ਵਿੱਚ, ਜੁਰਮ ਦਾ ਪਤਾ ਲੱਗਣ ਤੇ, ਮੁੱਢਲੀਆਂ ਜਾਂਚ ਗਤੀਵਿਧੀਆਂ ਵਿਚ ਮੌਕੇ ਤੇ ਜਾਣਾ, ਅਪਰਾਧ ਬਾਰੇ ਜਾਣਕਾਰੀ, ਸਮਾਨ ਜ਼ਬਤ ਕਰਨਾ ਅਤੇ ਅਜਿਹੇ ਵਿਅਕਤੀਆਂ ਦੀ ਹਿਰਾਸਤ ਹੈ ਜਿਨ੍ਹਾਂ ਨੇ ਮੁਢਲੇ ਤੌਰ ਤੇ ਅਪਰਾਧ ਕਿੱਤਾ ਹੈ ਜਾਂ ਅਪਰਾਧ ਨੂੰ ਉਕਸਾਇਆ ਜਾਂ ਇਸਦੀ ਸਾਜ਼ਿਸ਼ ਕਿੱਤੀ ਹੈ ਸ਼ਾਮਲ ਹੈ ।

**ਤਫਤੀਸ਼ ਦਾ ਮੰਤਵ** :- ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਹਮੇਸ਼ਾ ਆਪਣੇ ਦਿਮਾਗ ਵਿਚ ਰੱਖਣਾ ਚਾਹੀਦਾ ਹੈ ਕਿ ਤਫ਼ਤੀਸ਼ ਦਾ ਮੁੱਖ ਮੰਤਵ ਕਿਸੇ ਅਪਰਾਧ ਦੇ ਹੋਣ ਬਾਰੇ ਪਤਾ ਲਗਾਉਣਾ ਹੈ, ਅਪਰਾਧ ਕਰਨ ਵਾਲੇ ਵਿਅਕਤੀ/ਵਿਅਕਤੀਆਂ ਅਤੇ ਐਨ ਡੀ, ਪੀ ਐੱਸ ਦੀ ਵਸੂਲੀ ਬਾਰੇ, ਜਿਸ ਕਰਕੇ ਅਪਰਾਧ ਕੀਤਾ ਗਿਆ ਹੈ, ਅਤੇ ਵਿਅਕਤੀਆਂ ਦੇ ਆਪਣੇ ਦੁਆਰਾ ਜਾਂ ਰਿਸ਼ਤੇਦਾਰਾਂ ਜਾਂ ਸਾਥੀਆਂ ਦੇ ਨਾਂ ਤੇ ਗੈਰ-ਕਨੂੰਨੀ ਸੰਪਤੀ ਬਾਰੇ ਤਫ਼ਤੀਸ਼ ਕਰਨਾ ਹੈ। ਉਸਨੂੰ ਇਨ੍ਹਾਂ ਚਾਰੇ ਤੱਤਾਂ ਬਾਰੇ ਵਿਸਤਾਰ ਨਾਲ ਤਫ਼ਤੀਸ਼ ਕਰਨੀ ਚਾਹੀਦੀ ਹੈ ਅਤੇ ਅਜਿਹੇ ਢੰਗ ਨਾਲ ਤਫ਼ਤੀਸ਼ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਚਾਰੇ ਤੱਤਾਂ ਬਾਰੇ ਸੰਖੇਪ ਵਿਚ ਇਸ ਪ੍ਰਕਾਰ ਜਾਂਚ ਕੀਤੀ ਜਾਵੇ ਕਿ ਇਹ ਘੱਟੋ ਘੱਟ ਇਕ ਤੱਥ ਨਾਲ ਜ਼ਰੂਰ ਸਬੰਧਤ ਹੋਣ।

**ਤਫ਼ਤੀਸ਼ ਦੇ ਜ਼ਰੂਰੀ ਤੱਤ** :- ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਤਫਤੀਸ਼ ਪ੍ਰਭਾਵਸ਼ਾਲੀ ਢੰਗ ਨਾਲ ਨਿਮਨ ਲਿਖਤ ਮੁੱਖ ਤੱਤਾਂ ਦੇ ਆਧਾਰ ਤੇ ਕੀਤੀ ਜਾਵੇ :

1. ਮੌਜੂਦਾ ਕੇਸ ਵਿਚ ਕੀ ਵੱਖ-ਵੱਖ ਅਪਰਾਧ ਹਨ ? ਇਹ ਐਨ ਡੀ, ਪੀ ਐੱਸ ਜਾਂ ਸੀ ਐੱਸ ਦੀ ਕਿਸਮ ਤੇ ਨਿਰਭਰ ਕਰੇਗਾ, ਜ਼ਬਤ ਕੀਤੇ ਗਏ ਮਾਲ ਦੀ ਮਾਤਰਾ ਅਤੇ ਐਨ ਡੀ, ਪੀ ਐਸ ਜਾਂ ਸੀ ਐਸ ਵਰਗੇ ਪਦਾਰਥਾਂ ਦੀ ਵਸੂਲੀ ਨਾਲ ਸਬੰਧਤ

ਅਪਰਾਧੀ ਗਤੀਵਿਧੀਆਂ ਜਿਵੇਂ ਕਿ ਉਤਪਾਦਨ, ਵਿਕਰੀ, ਖਪਤ, ਵੰਡ, ਆਯਾਤ ਜਾਂ ਨਿਰਯਾਤ, ਵਿੱਤ ਮੁਹੱਈਆ ਕਰਨਾ, ਪਨਾਹ ਦੇਣਾ ਜਾਂ ਸਹਿ ਦੇਣਾ ਆਦਿ।

2. ਸਿੱਧੀ ਉਲੰਘਣਾ ਕਰਨ ਵਾਲੇ ਕੌਣ ਹਨ? ਉਨ੍ਹਾਂ ਦੀ ਮੁਕੰਮਲ ਸ਼ਨਾਖਤ ਅਤੇ ਨਿੱਜੀ ਵੇਰਵੇ।

3. ਸਾਜ਼ਸ਼ ਕਰਨ ਵਾਲੇ ਅਤੇ ਸ਼ਹਿ ਦੇਣ ਵਾਲੇ ਕੌਣ ਹਨ, ਜਿਨ੍ਹਾਂ ਨੇ ਅਪਰਾਧ ਲਈ ਸ਼ਹਿ ਦਿੱਤੀ ਹੈ? ਉਨ੍ਹਾਂ ਦੀ ਮੁਕੰਮਲ ਸ਼ਨਾਖਤ ਅਤੇ ਨਿੱਜੀ ਵਿਵਰਣ।

4. ਨਸ਼ੀਲੀਆਂ ਦਵਾਈਆਂ/ਪਦਾਰਥ ਤਿਆਰ ਕਰਨ ਦਾ ਕੀ ਸ੍ਰੋਤ ਹੈ? ਕੀ ਇਹ ਜਾਇਜ਼ ਸ੍ਰੋਤਾਂ ਦੇ ਬਦਲ ਦਾ ਕੇਸ ਹੈ?

5. ਨਸ਼ੀਲੀਆਂ ਦਵਾਈਆਂ/ਪਦਾਰਥਾਂ ਦਾ ਕੀ ਟੀਚਾ ਹੈ?

6. ਵੰਡਣ ਦਾ ਰਸਤਾ ਅਤੇ ਟ੍ਰਾਂਸਪੋਰਟ ਦਾ ਢੰਗ ਕੀ ਹੈ?

7. ਵਿਕਰੀ/ਖਰੀਦ ਦੀ ਕੀਮਤ ਕੀਨ੍ਹੀ ਹੈ?

8. ਅਦਾਇਗੀ ਦੀ ਕੀ ਵਿਧੀ ਹੈ?

9. ਕੀ ਕੋਈ ਵਿਸ਼ੇਸ਼ ਸਥਾਨ, ਵਿਅਕਤੀ, ਜਾਇਜ਼ ਫੈਕਟਰੀ/ ਨਜਾਇਜ਼ ਫੈਕਟਰੀ/ਲੈਬ ਆਦਿ ਸ਼ਾਮਲ ਹੈ?

10. ਕੀ ਪਿਛਲੇ ਅਪਰਾਧਾਂ ਅਤੇ ਸਜ਼ਾਵਾਂ ਦਾ ਕੋਈ ਇਤਿਹਾਸ/ ਪਿਛੋਕੜ ਹੈ?

11. ਕੀ ਅਪਰਾਧ ਵਿਚ ਆਯਾਤ/ਨਿਰਯਾਤ ਸ਼ਾਮਿਲ ਹੈ?

12. ਕੀ ਸਿੰਡੀਕੇਟ/ਜਾਂ ਸੰਗਠਿਤ ਗੈਂਗ ਦੁਆਰਾ ਅਪਰਾਧ ਨੂੰ ਅੰਜ਼ਾਮ ਦਿੱਤਾ ਗਿਆ ਹੈ? ਜੇਕਰ ਅਜਿਹਾ ਹੈ ਤਾਂ ਮੈਂਬਰਾਂ ਦਾ ਵੇਰਵਾ, ਹਰੇਕ ਮੈਂਬਰ ਦੀ ਭੂਮਿਕਾ ਜਾਂ ਸਬ-ਗਰੁੱਪਾਂ ਬਾਰੇ ਵੇਰਵੇ ਦਿਓ।

13. ਕਾਰਜ ਪ੍ਰਣਾਲੀ ਕੀ ਹੈ ਅਤੇ ਕੀ ਕੋਈ ਵਿਸ਼ੇਸ਼ ਵਿਧੀ ਹੈ?

14. ਅਪਰਾਧਕ ਲੈਣ ਦੇਣ ਦਾ ਦਾਇਰਾ ਕਿੰਨਾ ਕੁ ਹੈ ਅਤੇ ਕੀ ਲਾਭ ਹੈ?

15. ਪ੍ਰਾਪਤ ਲਾਭ ਨੂੰ ਕਿਵੇਂ ਅਤੇ ਕਿਸ ਤਰ੍ਹਾਂ ਸੰਪਤੀਆਂ ਵਿਚ ਬਦਲਿਆਂ ਜਾਂਦਾ ਹੈ ਜਾਂ ਹੋਰਵੇਂ ਢੰਗ ਨਾਲ ਛੁਪਾਇਆ ਜਾਂ ਰੱਖਿਆ ਜਾਂਦਾ ਹੈ।

16. ਤਿਆਰੀ ਅਧੀਨ ਕੋਈ ਹੋਰ ਅਪਰਾਧਕ ਲੈਣ ਦੇਣ?

17. ਲੋੜੀਂਦੀ ਸੂਚਨਾ/ਦਸਤਾਵੇਜ਼ ਲੈਣ ਲਈ ਕਿਸ ਵਿਅਕਤੀ / ਵਿਭਾਗ/ਅਥਾਰਟੀ ਤੋਂ ਸਹਾਇਤਾ ਲੈਣ ਦੀ ਲੋੜ ਹੈ?

**ਤਫ਼ਤੀਸ਼ ਦੇ ਅਧਿਕਾਰ** :- ਐਨ ਡੀ ਪੀ ਐਸ ਐਕਟ ਦੀ ਧਾਰਾ 53 ਤਹਿਤ ਅਪਰਾਧਾਂ ਦੀ ਤਫ਼ਤੀਸ਼ ਕਰਨ ਲਈ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਪੁਲਿਸ ਥਾਣੇ ਦੇ ਇੰਚਾਰਜ ਅਧਿਕਾਰੀ ਵਾਲੇ ਅਧਿਕਾਰ ਦਿੱਤੇ ਗਏ ਹਨ। ਅਜਿਹਾ ਅਧਿਕਾਰੀ ਤਲਾਸ਼ੀ ਅਤੇ ਬਰਾਮਦੀ (ਧਾਰਾ 42, 43, 44) ਲਈ ਵਿਅਕਤੀਆਂ ਦੀ ਜਾਂਚ, ਵਿਅਕਤਿਆਂ ਤੋਂ ਬਰਾਮਦ ਵਸਤੂਆਂ/ਸਮਾਨ ਜਾਂ ਦਸਤਾਵੇਜ਼ (ਧਾਰਾ 67) ਨੂੰ ਕੇਸ ਦੀ ਪੜਤਾਲ ਕਰਨ ਲਈ, (ਧਾਰਾ 293 ਜਾਬਤਾ ਫੌਜਦਾਰੀ) ਲਈ ਸ਼ੱਕੀ ਸਮਾਨ/ਵਸਤੂਆਂ ਦੇ ਲਈ ਵਿਗਿਆਨਕ ਮਾਹਿਰਾਂ ਦੀ ਰਾਇ ਆਦਿ ਲੈਣ ਲਈ ਪੇਸ਼ ਕਰਦਾ ਹੈ।

**ਅਪਰਾਧ ਦੇ ਤਾਈਦ ਕਰਤਾ ਸਬੂਤ** :- ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮੁਕੰਮਲ ਤਫ਼ਤੀਸ਼ ਤਾਂ ਹੀ ਸੰਭਵ ਹੈ ਜੇਕਰ ਉਹ ਪਹਿਲਾਂ ਤੋਂ ਹੀ ਪ੍ਰਾਪਤ ਸਬੂਤਾਂ ਨੂੰ ਅਪਰਾਧ ਨਾਲ ਜੋੜ ਕੇ ਅਤੇ ਹੋਰ ਜਾਂਚ ਦੀ ਸੰਭਾਵਨਾ ਨੂੰ ਦੇਖਦੇ ਹੋਏ ਜਾਂਚ ਕਰੇ। ਉਸ ਨੂੰ ਮੁਲਜ਼ਮ ਪਾਸੋਂ ਤੱਥਾਂ ਦੇ ਆਧਾਰ ਤੇ ਸੁਰਾਗਾਂ ਅਤੇ ਸੰਕੇਤਾਂ, ਹਾਲਾਤਾਂ ਅਤੇ ਉਸ ਸਮੇਂ ਤੱਕ ਮੁਲਜ਼ਮ ਦੀ ਜਾਂਚ ਦੇ ਰਿਕਾਰਡ ਦੇ ਆਧਾਰ ਤੇ ਬੌਧਿਕ ਸਵਾਲ ਪੁੱਛਣੇ ਚਾਹੀਦੇ ਹਨ। ਅਧਿਕਾਰੀ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ

ਦੁਆਰਾ ਹਿਰਾਸਤ ਵਿਚ ਲਏ ਗਏ ਵਿਅਕਤੀ ਦੁਆਰਾ ਇਕਬਾਲੇ ਜ਼ੁਰਮ ਨੂੰ ਅਦਾਲਤ ਵਿਚ ਸੁਣਵਾਈ ਦੌਰਾਨ ਕੋਈ ਤਰਜੀਹ ਨਹੀਂ ਦਿੱਤੀ ਜਾਂਦੀ ਜਦੋਂ ਤੱਕ ਕਿ ਉਸ ਦੇ ਅਪਰਾਧ ਸਬੰਧੀ ਪੁਖਤਾ ਸਬੂਤ ਪੇਸ਼ ਨਹੀਂ ਕੀਤੇ ਜਾਂਦੇ।

ਤਫ਼ਤੀਸ਼ ਦਾ ਮੰਤਵ ਜ਼ਿਆਦਾ ਤੋਂ ਜ਼ਿਆਦਾ ਤੱਥਾਂ ਦੇ ਆਧਾਰ ਤੇ ਸੱਚਾਈ ਨੂੰ ਸਾਹਮਣੇ ਲਿਆਉਣਾ ਹੈ ਅਤੇ ਅਪਰਾਧ ਵਿਚ ਸ਼ਾਮਲ ਹੋਰ ਦੋਸ਼ੀਆਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨਾ ਹੈ।

**ਸਖ਼ਤ ਸਜ਼ਾ ਲਈ ਪੁਖਤਾ ਸਬੂਤ :-** ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਐਨ ਡੀ ਪੀ ਐਸ ਐਕਟ ਅਧੀਨ ਅਦਾਲਤ ਦੁਆਰਾ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਮੁੱਦਈ ਧਿਰ ਨੂੰ ਅਦਾਲਤ ਵਿਚ ਪੱਕੇ ਸਬੂਤ ਪੇਸ਼ ਕਰਨੇ ਚਾਹੀਦੇ ਹਨ। ਇਸ ਲਈ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਦੋਸ਼ੀ ਵਿਅਕਤੀਆਂ ਦੁਆਰਾ ਕਾਨੂੰਨ ਦੀ ਉਲੰਘਣਾ ਕਰਨ ਲਈ ਉਸ ਦੁਆਰਾ ਤਫ਼ਤੀਸ਼ ਦੌਰਾਨ ਇਕੱਠੇ ਕੀਤੇ ਗਏ ਸਬੂਤਾਂ ਵਿਚ ਇਤਨੀ ਤਾਕਤ ਹੁੰਦੀ ਹੈ ਕਿ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕਾਫ਼ੀ ਹਨ।

**ਤਫ਼ਤੀਸ਼/ਪੜਤਾਲ ਰਿਪੋਟ :-** ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਕਾਨੂੰਨ ਦੁਆਰਾ ਦਿੱਤੀ ਗਈ ਮਿਆਦ ਦੇ ਅੰਦਰ-ਅੰਦਰ ਆਪਣੀ ਜਾਂਚ ਪੜਤਾਲ ਨੂੰ ਮੁਕੰਮਲ ਕਰੇ ਅਤੇ ਦੋਸ਼ੀਆਂ ਦੇ ਖ਼ਿਲਾਫ ਅਪਰਾਧ ਦੇ ਦੋਸ਼ ਸਾਬਤ ਕਰਨ ਲਈ ਮੁਕੱਦਮੇ ਵਿਚ ਸਾਰੀਆਂ ਗਤੀਵਿਧੀਆਂ/ਕਾਰਵਾਈਆਂ ਉਨ੍ਹਾਂ ਦੇ ਨਤੀਜੇ ਅਤੇ ਉਸ ਦੇ ਸਾਰ ਸਬੰਧੀ ਇਕ ਵਿਸਤ੍ਰਿਤ ਰਿਪੋਟ ਤਿਆਰ ਕਰੇ। ਇਹ ਪੜਤਾਲੀਆ ਰਿਪੋਟ ਅੱਗੋਂ ਸਾਰੀਆਂ ਕਾਰਵਾਈਆਂ ਜਿਵੇਂ ਕਿ ਸ਼ਿਕਾਇਤ ਦਰਜ ਕਰਨਾ, ਹਿਰਾਸਤ ਵਿਚ ਰੱਖਣ ਦੀ ਤਜ਼ਵੀਜ਼, ਜ਼ਬਤ ਕੀਤੇ ਸਮਾਨ/ਸੰਪਤੀ ਦੀ ਕਾਰਵਾਈ, ਮੁਕੱਦਮਾ ਚਲਾਉਣ ਵੇਲੇ ਅਦਾਲਤੀ ਕਾਰਵਾਈ, ਅਪੀਲ ਦੀ ਕਾਰਵਾਈ ਆਦਿ ਵਿਚ ਇਸ ਪੜਤਾਲੀਆ ਰਿਪੋਟ ਦਾ ਹਵਾਲਾ ਦਿੱਤਾ ਜਾਂਦਾ ਹੈ। ਇਹ ਪੜਤਾਲੀਆਂ ਰਿਪੋਟ

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੇ ਉਪਲੱਬਧ ਨਾ ਹੋਣ ਕਰਕੇ ਅਤੇ ਕਿਸੇ ਕਾਰਣ ਕਰਕੇ ਕੇਸ ਵਿਚ ਸ਼ਾਮਲ ਨਾ ਹੋਣ ਕਰਕੇ ਜਿਵੇਂ ਕਿ ਤਬਾਦਲਾ, ਬੀਮਾਰੀ ਜਾਂ ਰਿਟਾਇਰਮੈਂਟ ਆਦਿ ਦੇ ਮਾਮਲੇ ਵਿਚ ਇਸ ਪੜਤਾਲੀਆ ਰਿਪੋਟ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

**ਸ਼ਿਕਾਇਤ ਦਾਇਰ ਕਰਨਾ/ਦੋਸ਼ ਪੱਤਰ :-** ਧਾਰਾ 19, 24, 27 ਏ ਨਾਲ ਸਬੰਧਤ ਅਪਰਾਧ ਜਾਂ ਕਮਰਸ਼ੀਅਲ ਮਾਤਰਾ ਨਾਲ ਸਬੰਧਤ ਅਪਰਾਧਾਂ ਬਾਰੇ (ਕਿਸੇ ਗੈਰ ਪੁਲਿਸ ਅਧਿਕਾਰੀ ਦੇ ਮਾਮਲੇ ਵਿਚ) ਸ਼ਿਕਾਇਤ/ਦੋਸ਼ ਪੱਤਰ (ਪੁਲਿਸ ਅਧਿਕਾਰੀਆਂ ਦੇ ਮਾਮਲੇ ਵਿਚ) 180 ਦਿਨਾਂ ਦੇ ਅੰਦਰ-ਅੰਦਰ ਦਾਇਰ ਹੋਣਾ ਚਾਹੀਦਾ ਹੈ ਅਤੇ ਹੋਰਨਾਂ ਬਾਕੀ ਸਾਰੇ ਕੇਸਾਂ ਵਿਚ ਗ੍ਰਿਫਤਾਰੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਦੋਸ਼ ਪੱਤਰ ਦਾਇਰ ਹੋਣਾ ਚਾਹੀਦਾ ਹੈ। ਪਰ ਪਹਿਲੀ ਸ਼੍ਰੇਣੀ ਵਾਲੇ ਕੇਸਾਂ ਵਿਚ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਸਰਕਾਰੀ ਵਕੀਲ ਰਾਹੀਂ ਉਚਿਤ ਕਾਰਣ ਦੱਸ ਕੇ ਇਹ ਮਿਆਦ ਇਕ ਸਾਲ ਦੇ ਸਮੇਂ ਤੱਕ ਵਧਾਈ ਜਾ ਸਕਦੀ ਹੈ।

ਇਹ ਯਾਦ ਰੱਖੋ ਕਿ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਕਾਨੂੰਨ ਦੁਆਰਾ ਦਿੱਤੇ ਗਏ ਸਮੇਂ ਦੇ ਅੰਦਰ-ਅੰਦਰ ਤਫ਼ਤੀਸ਼ ਮੁਕੰਮਲ ਨਾ ਕਰਨ ਦੇ ਨਤੀਜੇ ਵਜੋਂ ਸ਼ਿਕਾਇਤ (ਚਲਾਨ) ਦੇਰੀ ਨਾਲ ਦਾਇਰ ਕਰਨ ਨਾਲ ਦੋਸ਼ੀ ਨੂੰ ਆਪਣੇ ਆਪ ਜ਼ਮਾਨਤ ਮਿਲਣ ਦਾ ਹੱਕ ਮਿਲ ਜਾਂਦਾ ਹੈ।

# ਅਧਿਆਇ - 16

## ਅੰਤਰ ਰਾਸ਼ਟਰੀ ਜਾਂਚ ਪੜਤਾਲ /ਤਫ਼ਤੀਸ਼

ਨਸ਼ਾ ਤਸਕਰੀ ਅਤੇ ਇਸ ਦੀ ਖਪਤ ਸਾਡੇ ਦੇਸ਼ ਤੱਕ ਹੀ ਸੀਮਤ ਨਹੀਂ ਹੈ, ਇਹ ਸਾਰੇ ਵਿਸ਼ਵ ਵਿਚ ਫੈਲਿਆ ਹੋਇਆ ਹੈ। ਦੁਨੀਆ ਦੇ ਇਕ ਹਿੱਸੇ ਵਿਚ ਨਸ਼ੇ ਦੀ ਕਾਸ਼ਤ ਅਤੇ ਉਤਪਾਦਨ ਕੀਤਾ ਜਾਂਦਾ ਹੈ ਅਤੇ ਹਜ਼ਾਰਾਂ ਮੀਲਾਂ ਤੱਕ ਇਸ ਦੀ ਖਪਤ ਹੁੰਦੀ ਹੈ। ਇਸ ਦੀਆਂ ਮਾਰਕੀਟਾਂ ਬਹੁਤ ਵੱਡੀਆਂ ਹਨ ਅਤੇ ਬਹੁਤ ਜ਼ਿਆਦਾ ਲਾਭ ਹੈ ਜਿਸ ਕਾਰਣ ਅੰਦਰ ਰਾਸ਼ਟਰੀ ਸਿੰਡੀਕੇਟਾਂ ਹਨ ਜੋ ਕਿ ਨਸ਼ਾ ਤਸਕਰੀ ਵਿਚ ਲੱਗੀਆਂ ਹੋਈਆਂ ਹਨ। ਇਸ ਕਰਕੇ ਇਹ ਅੰਤਰ-ਰਾਸ਼ਟਰੀ ਸੰਗਠਿਤ ਅਪਰਾਧ ਦੀ ਸ਼੍ਰੇਣੀ ਵਿਚ ਆਉਂਦਾ ਹੈ।

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਕਿਸੇ ਵੀ ਕੇਸ ਦੀ ਤਫ਼ਤੀਸ਼/ਪੜਤਾਲ ਕਰਨ ਸਮੇਂ ਅੰਤਰ-ਰਾਸ਼ਟਰੀ ਪਸਾਰਾਂ (ramification) ਦਾ ਲਗਾਤਾਰ ਸਾਹਮਣਾ ਕਰਨਾ ਪੈਂਦਾ ਹੈ। ਨਸ਼ੀਲੇ ਪਦਾਰਥ, ਵਿਕਰੀ ਪ੍ਰਕ੍ਰਿਆਵਾਂ, ਸੰਪਤੀਆਂ ਦੇ ਤਸਕਰ ਅਕਸਰ ਰਾਸ਼ਟਰੀ ਸੀਮਾਵਾਂ ਪਾਰ ਕਰ ਜਾਂਦੇ ਹਨ। ਉਸ ਨੂੰ ਅਜਿਹੇ ਹਾਲਾਤਾਂ ਵਿਚ ਵੀ ਕੇਸਾਂ ਦੀ ਤਫਤੀਸ਼ ਕਰਨੀ ਪੈਂਦੀ ਹੈ।

**ਤਕਨਾਲੌਜੀ ਦੀ ਦੁਰਵਰਤੋਂ :-** ਦੂਰ ਦੁਰਾਡੇ ਨਸ਼ੀਲੇ ਪਦਾਰਥਾਂ ਨੂੰ ਵਿਸ਼ਵ ਭਰ ਵਿਚ ਭੇਜਣ ਵਿਚ ਲੱਗੇ ਹੋਏ ਲੋਕਾਂ ਨੂੰ ਇੰਟਰਨੈੱਟ ਅਤੇ ਕੋਰੀਅਰ ਸੇਵਾਵਾਂ ਦਾ ਲਾਭ ਮਿਲਦਾ ਹੈ ਕਿਉਂਕਿ ਇਸ ਨਾਲ ਤਸਕਰੀ ਦੀਆਂ ਗਤੀਵਿਧੀਆਂ ਵਿਚ ਬਹੁਤ ਆਸਾਨੀ ਹੋ ਜਾਂਦੀ ਹੈ ਅਤੇ ਸਸਤੇ ਸਾਧਨਾਂ ਨਾਲ ਗੁਪਤ ਰਿਹਾ ਜਾ ਸਕਦਾ ਹੈ ਅਤੇ ਜ਼ੋਖ਼ਮ ਦਾ ਖਤਰਾ ਘੱਟ ਜਾਂਦਾ ਹੈ। ਇਨ੍ਹਾਂ ਸਾਧਨਾਂ ਵਿਚ ਵਾਧਾ ਹੋਣ ਕਰਕੇ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਅਸਲ ਦੋਸ਼ੀਆਂ ਦੀ ਪਛਾਣ ਕਰਨ ਵਿਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਨਿਯੰਤ੍ਰਕ ਸਪਲਾਈ :-** ਐਨ ਡੀ ਪੀ ਐਸ ਐਕਟ ਦੀ ਧਾਰਾ 50 ਏ ਦੇ ਤਹਿਤ ਡਾਇਰੈਕਟਰ ਜਨਰਲ, ਐਨ ਸੀ ਬੀ ਤੋਂ ਪ੍ਰਵਾਨਗੀ ਲੈਣ ਤੋਂ ਬਾਅਦ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਕੰਟ੍ਰੋਲ

ਡਿਲੀਵਰੀ ਤਕਨੀਕਾਂ ਦੀ ਵਰਤੋਂ ਕਰ ਸਕਦਾ ਹੈ। ਕੋਈ ਵੀ ਕੰਟ੍ਰੋਲਡ ਡਿਲੀਵਰੀ ਕਾਰਵਾਈ ਕਰਨ ਸਮੇਂ ਨਿਯੰਤ੍ਰਕ ਸਪਲਾਈ ਉਪਰੇਸ਼ਨ ਵਿਚ ਕੋਈ ਅਜਿਹਾ ਫੜਿਆ ਗਿਆ ਪੈਕਟ ਜਿਸ ਵਿਚ ਐਨ ਡੀ ਪੀ, ਐਸ ਜਾਂ ਸੀ ਐਸ ਹੁੰਦਾ ਹੈ, ਨੂੰ ਮੰਜ਼ਿਲ ਤੱਕ ਨਿਗਰਾਨੀ ਅਧੀਨ ਲੈ ਜਾਣ ਦੀ ਇਜ਼ਾਜ਼ਤ ਦਿੱਤੀ ਜਾਂਦੀ ਹੈ ਜਿਸ ਵਿਚ ਉਹ ਪਦਾਰਥ ਹੋਵੇ ਜਾਂ ਉਸ ਵਿਚ ਹੋਰ ਪਦਾਰਥ, ਜਾਂਚ ਅਧਿਕਾਰੀ (ਡੀ ਐਲ ਈ ਓ) ਦੀ ਜਾਨਕਾਰੀ ਅਧੀਨ, ਭਰ ਦਿੱਤਾ ਜਾਂਦਾ ਹੈ। ਟੀਚੇ ਵਾਲੇ ਸਥਾਨ ਤੇ ਨਜ਼ਰ ਰੱਖੀ ਜਾਂਦੀ ਹੈ ਅਤੇ ਪੈਕੇਟ ਨੂੰ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਫੜ ਲਿਆ ਜਾਂਦਾ ਹੈ ਅਤੇ ਅਪਰਾਧ ਵਿਚ ਸ਼ਾਮਲ ਹੋਰਨਾਂ ਲੋਕਾਂ ਅਤੇ ਮੂਲ ਦੇਸ਼ ਬਾਰੇ ਉਸ ਤੋਂ ਪੁੱਛ ਗਿੱਛ ਕੀਤੀ ਜਾਂਦੀ ਹੈ। ਕੰਟ੍ਰੋਲ ਡਿਲੀਵਰੀ ਨੂੰ ਭਾਰਤ ਵਿਚ ਕਿਸੇ ਵੀ ਸਥਾਨ ਤੇ ਜਾਂ ਵਿਦੇਸ਼ ਵਿਚ ਲਿਆ ਜਾ ਸਕਦਾ ਹੈ। ਬਾਅਦ ਵਾਲੇ ਮਾਮਲੇ ਵਿਚ ਅਜਿਹੇ ਵਿਦੇਸ਼ੀ ਦੇਸ਼ ਦੀ ਸਮਰੱਥ ਅਥਾਰਟੀ ਨਾਲ ਗੱਲਬਾਤ ਕਰਨੀ ਜ਼ਰੂਰੀ ਹੈ।

**ਅੰਤਰ-ਰਾਸ਼ਟਰੀ ਸਹਿਯੋਗ :** - ਕਈ ਵਾਰ, ਵਿਦੇਸ਼ ਵਿਚ ਰਹਿਣ ਵਾਲੇ ਲੋਕਾਂ ਤੋਂ ਸਮਾਨ ਅਤੇ ਦਸਤਾਵੇਜ਼ ਪ੍ਰਾਪਤ ਕਰਨ ਲਈ ਜਾਂਚ-ਪੜਤਾਲ ਕਰਨ ਦੀ ਲੋੜ ਹੁੰਦੀ ਹੈ। ਅਜਿਹੇ ਮਾਮਲਿਆਂ ਵਿਚ ਜੇਕਰ ਆਪਸੀ ਕਾਨੂੰਨੀ ਸਹਾਇਤਾ ਲੈਣ ਲਈ ਅਜਿਹੇ ਵਿਸ਼ੇਸ਼ ਦੇਸ਼ ਨਾਲ ਆਪਸੀ ਸਮਝੌਤਾ ਹੋਇਆ ਹੁੰਦਾ ਹੈ ਤਾਂ ਉਸ ਦੇਸ਼ ਦੇ ਵਿਅਕਤੀ ਨਾਲ ਭਾਰਤ ਜਾਂ ਵਿਦੇਸ਼ ਦੇ ਸਮਝੌਤੇ ਅਨੁਸਾਰ ਸੂਚਨਾ ਪ੍ਰਾਪਤ ਕਰਕੇ ਸਮਰੱਥ ਭਾਰਤੀ ਅਥਾਰਟੀ ਰਾਹੀਂ ਉਸ ਦੇਸ਼ ਦੇ ਸਮਰੱਥ ਵਿਅਕਤੀ ਨਾਲ ਸੰਪਰਕ ਲਈ ਬੇਨਤੀ ਕੀਤੀ ਜਾਵੇ। ਇਸ ਸਬੰਧ ਵਿਚ ਭਾਰਤ ਦੀ 29 ਦੇਸ਼ਾਂ ਨਾਲ ਆਪਸੀ ਕਾਨੂੰਨੀ ਸਹਾਇਤਾ ਲਈ ਸੰਧੀ ਕੀਤੀ ਹੋਈ ਹੈ। 8 ਦੇਸ਼ਾਂ ਨਾਲ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਮਾਮਲਿਆਂ ਬਾਰੇ ਆਪਸੀ ਸਮਝੌਤਾ ਕੀਤਾ ਗਿਆ ਹੈ। ਜਿਨ੍ਹਾਂ ਕੇਸਾਂ ਵਿਚ ਵਿਦੇਸ਼ੀ ਸਹਾਇਤਾ ਦੀ ਲੋੜ ਹੈ ਉਥੇ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਐਨ ਸੀ ਬੀ ਨਵੀਂ ਦਿੱਲੀ ਨਾਲ ਸੰਪਰਕ ਕਰਨ ਦੀ ਲੋੜ ਹੈ ਜਿੱਥੇ ਉਹ ਕੇਸ ਦੇ ਸਾਰੇ ਵੇਰਵੇ ਬਾਰੇ ਅਤੇ ਲੋੜੀਂਦੀ ਸਹਾਇਤਾ ਲਈ ਬੇਨਤੀ ਕਰ ਸਕਦਾ ਹੈ।

**ਬੇਨਤੀ ਪੱਤਰ (letter rogatory) :-** ਕੋਈ ਵੀ ਸਮਝੌਤਾ ਜਾਂ ਸੰਧੀ ਨਾ ਹੋਣ ਦੀ ਸੂਰਤ ਵਿਚ ਡਰੱਗ ਲਾਅ ਇਨਫੋਰਸਮੈਂਟ ਅਧਿਕਾਰੀ ਪੱਤਰ-ਵਿਹਾਰ ਵਿਧੀ ਨਾਲ ਭਾਰਤ ਵਿਚ ਕਿਸੇ ਸਮਰੱਥ ਅਦਾਲਤ ਰਾਹੀਂ ਵਿਦੇਸ਼ੀ ਅਦਾਲਤ ਵਿਚ ਉਸ ਦੇ ਅਧਿਕਾਰ ਖੇਤਰ ਵਿਚ ਆਉਣ ਵਾਲੇ ਵਿਅਕਤੀ ਨੂੰ ਲੋੜੀਂਦੀ ਕਾਰਵਾਈ ਕਰਨ/ ਸੂਚਨਾ ਲਈ ਤਾਮੀਲ ਕਰਨ ਦੀ ਬੇਨਤੀ ਕਰਦਾ ਹੈ।

ਸਾਰੀਆਂ ਅੰਤਰ ਰਾਸ਼ਟਰੀ ਤਫਤੀਸ਼ਾਂ ਵਿਚ ਸਮਾਂ ਲੱਗਦਾ ਹੈ ਅਤੇ ਕਾਰਵਾਈ ਕਰਨ ਲਈ ਠਰ੍ਹਮਾ ਚਾਹੀਦਾ ਹੈ। ਡਰੱਗ ਲਾਅ ਇਨਫੋਰਸਮੈਂਟ ਅਧਿਕਾਰੀ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕੌਮੀ ਹਿਤ ਹਮੇਸ਼ਾ ਹੀ ਵਿਦੇਸ਼ੀ ਹਿੱਤਾਂ ਤੇ ਭਾਰੂ ਹੁੰਦੇ ਹਨ। ਜਿੱਥੇ ਵੀ ਵਿਦੇਸ਼ੀ ਅਥਾਰਟੀ ਨੇ ਕੋਈ ਸਬੂਤ ਜਾਂ ਸੂਚਨਾ ਦੇਣੀ ਹੁੰਦੀ ਹੈ ਉਹ ਪਹਿਲਾਂ ਹੀ ਦਰਖ਼ਾਸਤ ਦੇ ਦੇਂਦੇ ਹਨ ਕਿ ਉਹ ਤੀਸਰੀ ਧਿਰ ਨੂੰ ਜਾਨਕਾਰੀ ਨਾ ਦਿੱਤੀ ਜਾਵੇ ਜਾਂ ਕੇਵਲ ਗੁਪਤ ਉਦੇਸ਼ਾਂ ਲਈ ਸੂਚਨਾ ਦਿੱਤੀ ਜਾ ਰਹੀ ਹੈ, ਜਿਸ ਨਾਲ ਉਹ ਸਬੂਤਾਂ ਦੀ ਵਰਤੋਂ ਲਈ ਰੋਕ ਲਗਾ ਦਿੰਦੇ ਹਨ। ਇਸ ਲਈ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੂਚਨਾ ਲੈਣ ਲਈ ਸ਼ੁਰੂ ਵਿਚ ਹੀ ਮੰਗੀ ਗਈ ਸੂਚਨਾ ਦੇ ਉਦੇਸ਼ ਅਤੇ ਵਰਤੋਂ ਸਬੰਧੀ ਦੱਸ ਦੇਣ।

# ਅਧਿਆਇ- 17

## ਵਿੱਤੀ ਤਫ਼ਤੀਸ਼ : ਸੰਪਦਾ ਜ਼ਬਤੀ/ਕੁਰਕੀ

ਅਪਰਾਧ ਤੋਂ ਪ੍ਰਾਪਤ ਕੀਤੇ ਗਏ ਸਾਰੇ ਵਿੱਤੀ ਲਾਭ ਵਾਪਸ ਲੈਣ ਨਾਲ ਨਸ਼ਾ ਤਸਕਰੀ ਦੇ ਖਿਲਾਫ ਕਾਰਵਾਈ ਕਰਨ ਤੇ ਪ੍ਰਭਾਵਕਾਰੀ ਵਾਧਾ ਕਰਦੀ ਹੈ। ਐਨ ਡੀ ਪੀ ਐਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਕੇ ਪੂਰੀ ਤਰ੍ਹਾਂ ਜਾਂ ਕੁਝ ਹਿੱਸੇ ਦੀ ਆਮਦਨ ਕਮਾਈ ਨਾਲ ਆਪਣੇ ਨਾਮ ਜਾਂ ਕਿਸੇ ਸਹਿਯੋਗੀ ਜਾਂ ਰਿਸ਼ਤੇਦਾਰ ਦੇ ਨਾਂ ਤੇ ਬਣਾਈਆਂ ਗਈਆਂ ਸੰਪਤੀਆਂ ਲੱਭਣਾ ਅਤੇ ਉਨ੍ਹਾਂ ਦੀ ਸ਼ਨਾਖਤ ਕਰਨ ਲਈ ਤਫਤੀਸ਼ ਜੋ ਕਿ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਕੀਤੀ ਜਾਂਦੀ ਹੈ, ਨੂੰ ਵਿਸ਼ੇਸ਼ ਰੂਪ ਵਿਚ ਵਿੱਤੀ ਤਫ਼ਤੀਸ਼ ਕਿਹਾ ਜਾਂਦਾ ਹੈ।

**ਸੰਪਤੀਆਂ ਬਾਰੇ ਵਿਸ਼ੇਸ਼ ਛਾਣਬੀਣ :-** ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਵਿੱਤੀ ਤਫਤੀਸ਼ ਕਰਨ ਸਮੇਂ ਅਜਿਹੇ ਹਰੇਕ ਵਿਅਕਤੀ ਦੀਆਂ ਸੰਪਤੀਆਂ ਵੱਲ ਧਿਆਨ ਕੇਂਦਰਤ ਕਰਦਾ ਹੈ ਜਿਸ ਨੂੰ ਕਿ :-

1. ਭਾਰਤੀ ਅਦਾਲਤ ਜਾਂ ਕਿਸੇ ਵਿਦੇਸ਼ੀ ਅਦਾਲਤ ਵੱਲੋਂ 10 ਸਾਲ ਦੀ ਕੈਦ ਜਾਂ ਇਸ ਤੋਂ ਵੱਧ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੋਵੇ ਜਾਂ
2. ਜਿਸ ਦੇ ਖ਼ਿਲਾਫ ਪੀ ਆਈ ਟੀ ਐਨ ਡੀ ਪੀ ਐਸ ਐਕਟ ਤਹਿਤ ਹਿਰਾਸਤੀ ਹੁਕਮ ਜਾਰੀ ਕੀਤੇ ਗਏ ਹੋਣ ਜੋ ਕਿ ਸਲਾਹਕਾਰ ਬੋਰਡ ਦੀ ਰਿਪੋਟ ਤੇ ਖਾਰਜ ਨਾ ਕੀਤੇ ਗਏ ਹੋਣ ਜਾਂ ਕਿਸੀ ਅਦਾਲਤ ਦੁਆਰਾ ਰੱਦ ਨਾ ਕੀਤੀ ਹੋਵੇ।
3. ਨਸ਼ਾ ਤਸਕਰੀ ਅਪਰਾਧ ਵਿਚ ਗ੍ਰਿਫਤਾਰ ਜਾਂ ਜਿਸ ਦੇ ਖ਼ਿਲਾਫ਼ ਭਾਰਤੀ ਜਾਂ ਵਿਦੇਸ਼ੀ ਅਦਾਲਤ ਦੁਆਰਾ 10 ਸਾਲ ਜਾਂ ਇਸ ਤੋਂ ਵੱਧ ਦੀ ਸਜ਼ਾ ਵਾਲੇ ਕੇਸ ਵਿਚ ਗ੍ਰਿਫਤਾਰੀ ਵਰੰਟ ਜਾਰੀ ਕੀਤੇ ਗਏ ਹਨ; ਅਤੇ
4. ਅਜਿਹੇ ਵਿਅਕਤੀ ਦੇ ਸਾਥੀ ਜਾਂ ਰਿਸ਼ਤੇਦਾਰ

**ਗੈਰ ਕਾਨੂੰਨੀ ਢੰਗ ਨਾਲ ਬਣਾਈ ਗਈ ਸੰਪਤੀ :-** ਐਨ ਡੀ ਪੀ ਐਸ ਐਕਟ ਦੀ ਧਾਰਾ 68-ਸੀ ਅਨੁਸਾਰ ਗੈਰ ਕਾਨੂੰਨੀ ਢੰਗ ਨਾਲ ਸੰਪਤੀ ਬਣਾਉਣ ਦੀ ਮਨਾਹੀ ਹੈ। ਫਿਰ ਵੀ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਐਨ ਡੀ ਪੀ ਐਸ ਐਕਟ ਦੀ ਧਾਰਾ 68 ਈ ਦੇ ਤਹਿਤ ਅਜਿਹੀ ਗੈਰ ਕਾਨੂੰਨੀ ਢੰਗ ਨਾਲ ਬਣਾਈਆਂ ਸੰਪਤੀਆਂ ਲੱਭਣ ਅਤੇ ਸ਼ਨਾਖ਼ਤ ਕਰਨ ਲਈ ਕਾਰਵਾਈ ਕਰਨ ਦੇ ਅਧਿਕਾਰ ਦਿੱਤੇ ਗਏ ਹਨ, ਜਿਸ ਵਿਚ ਕਿਸੇ ਵੀ ਵਿਅਕਤੀ, ਸਥਾਨ, ਸੰਪਤੀਆਂ, ਦਸਤਾਵੇ ਜ਼ਾਂ, ਲੇਖਾਂ, ਕਿਤਾਬਾਂ, ਬੈਂਕ ਖਾਤਿਆਂ, ਸਰਕਾਰੀ ਵਿੱਤੀ ਸੰਸਥਾਨਾਂ, ਜਮ੍ਹਾਂ ਕਰਵਾਈਆਂ ਜ਼ਮਾਨਤਾਂ ਅਤੇ ਸਾਲਸੀਆਂ/ਵਿਚਲੋਗੀਆਂ ਆਦਿ ਬਾਰੇ ਤਫ਼ਤੀਸ਼ ਕਰਨਾ ਵੀ ਸ਼ਾਮਲ ਹੈ। ਤਫ਼ਤੀਸ਼ ਕਰਨ ਤੇ ਜੇਕਰ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਇਹ ਪਤਾ ਲੱਗਦਾ ਹੈ ਕਿ ਉਹ ਗੈਰ ਕਾਨੂੰਨੀ ਢੰਗ ਨਾਲ ਬਣਾਈ ਗਈ ਸੰਪਤੀ ਹੈ ਅਤੇ ਇਸ ਦਾ ਤਬਾਦਲਾ ਕੀਤਾ ਜਾਂ ਛੁਪਾਇਆ ਜਾਣਾ ਹੈ ਜਿਸ ਦੇ ਨਤੀਜੇ ਵਜੋਂ ਅਗਲੀ ਕਾਰਵਾਈ ਤੇ ਗਲਤ ਪ੍ਰਭਾਵ ਪੈਂਦਾ ਹੈ ਤਾਂ ਉਹ ਅਜਿਹੀ ਸੰਪਤੀ ਨੂੰ ਜ਼ਬਤ ਕਰਨ ਦਾ ਹੁਕਮ ਜਾਰੀ ਕਰ ਸਕਦਾ ਹੈ। ਜਦੋਂ ਸੰਪਤੀ ਨੂੰ ਜ਼ਬਤ ਕਰਨਾ ਅਸੰਭਵ ਹੋਵੇ ਤਾਂ ਉਹ ਉਸ ਵਿਅਕਤੀ ਨੂੰ ਹੁਕਮ ਦੇਵੇਗਾ ਕਿ ਇਸ ਸੰਪਤੀ ਦਾ ਤਬਾਦਲਾ ਜਾਂ ਹੋਰਵੇਂ ਕਿਸੇ ਵੀ ਤਰ੍ਹਾਂ ਨਾਲ ਵੀ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਜਾਂ ਕਿਸੇ ਸਮਰੱਥ ਅਥਾਰਟੀ ਦੀ ਪੂਰਵ ਪ੍ਰਵਾਨਗੀ ਤੋਂ ਬਗੈਰ ਨਹੀਂ ਕੀਤਾ ਜਾਵੇਗਾ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ 48 ਘੰਟਿਆਂ ਦੇ ਅੰਦਰ-ਅੰਦਰ ਜ਼ਬਤ ਕੀਤੀ ਸੰਪਤੀ ਦੇ ਹੁਕਮ ਦੀ ਇਕ ਕਾਪੀ ਸਮਰੱਥ ਅਥਾਰਟੀ ਨੂੰ ਭੇਜੇਗਾ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਭੇਜਿਆ ਗਿਆ ਨੋਟਿਸ ਪ੍ਰਭਾਵਕਾਰੀ ਨਹੀਂ ਹੋਵੇਗਾ ਜੇ ਇਸ ਹੁਕਮ ਦੇ 30 ਦਿਨਾਂ ਦੇ ਅੰਦਰ ਅੰਦਰ ਇਹ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਨਹੀਂ ਕੀਤਾ ਜਾਂਦਾ।

**ਸਮਰੱਥ ਅਥਾਰਟੀ :-** ਕਸਮਟ ਵਿਭਾਗ ਜਾਂ ਕੇਂਦਰੀ ਆਬਕਾਰੀ ਵਿਭਾਗ ਜਾਂ ਇਨਕਮ ਟੈਕਸ ਵਿਭਾਗ ਦੇ ਕਮਿਸ਼ਨਰ ਰੈਂਕ ਦੇ ਪੰਜ ਸਮਰੱਥ ਅਧਿਕਾਰੀ ਹਨ ਜਿਨ੍ਹਾਂ ਦਾ ਸਦਰ ਮੁਕਾਮ ਕਲਕੱਤਾ, ਚੇਨਈ, ਨਵੀਂ ਦਿੱਲੀ, ਲਖਨਊ ਅਤੇ ਮੁੰਬਈ ਹੈ। ਉਨ੍ਹਾਂ ਦੇ ਅਧਿਕਾਰ

ਖੇਤਰ ਮਿਤੀ 16-3-2001 ਦੀ ਅਧਿਸੂਚਨਾ ਨੰ. ਜੀ ਐਸ ਆਰ 189 (ਈ) ਰਾਹੀਂ ਅਧਿਸੂਚਿਤ ਕੀਤੇ ਗਏ ਹਨ।

**ਗੈਰ ਕਾਨੂੰਨੀ ਸੰਪਤੀਆਂ ਦਾ ਪਤਾ ਲਗਾਉਣਾ ਅਤੇ ਜ਼ਬਤ ਕਰਨਾ** :- ਐਨ ਡੀ ਪੀ ਐਸ ਐਕਟ ਤਹਿਤ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦਾ ਮੁਖ ਕਾਰਜ ਐਕਟ ਦੀ ਧਾਰਾ 68 ਈ ਅਧੀਨ ਗੈਰ ਕਾਨੂੰਨੀ ਸੰਪਤੀਆਂ ਦਾ ਪਤਾ ਲਗਾਉਣਾ ਅਤੇ ਉਨ੍ਹਾਂ ਦੀ ਸ਼ਨਾਖਤ ਕਰਕੇ ਪੜਤਾਲ ਕਰਨਾ, ਅਤੇ ਐਕਟ ਦੀ ਧਾਰਾ 68 ਐਫ ਤਹਿਤ ਉਨ੍ਹਾਂ ਨੂੰ ਜ਼ਬਤ ਕਰਨ ਦੇ ਹੁਕਮ ਜਾਰੀ ਕਰਨਾ ਹੈ ਅਤੇ 48 ਘੰਟਿਆਂ ਦੇ ਅੰਦਰ-ਅੰਦਰ ਇਨ੍ਹਾਂ ਹੁਕਮਾਂ ਦੀ ਇਕ ਕਾਪੀ ਸਮਰੱਥ ਅਥਾਰਟੀ ਕੋਲ ਭੇਜਣਾ ਹੈ। ਉਸ ਨੂੰ ਗੈਰ ਕਾਨੂੰਨੀ ਸੰਪਤੀਆਂ ਬਣਾਉਣ ਬਾਰੇ ਸਬੂਤ ਇਕੱਠੇ ਕਰਨਾ ਅਤੇ ਇਨ੍ਹਾਂ ਗੈਰ ਕਾਨੂੰਨੀ ਸੰਪਤੀਆਂ ਦੇ ਇਕੱਤਰ ਕਰਨ ਦੇ ਸਬੂਤਾਂ ਬਾਰੇ ਸਮਰੱਥ ਅਥਾਰਟੀ ਕੋਲ ਵਿਸਤ੍ਰਿਤ ਰਿਪੋਟ ਵੀ ਭੇਜਣੀ ਚਾਹੀਦੀ ਹੈ।

**ਮਨੀ ਲਾਂਡਰਿੰਗ ਵਿਰੁੱਧ ਕਾਨੂੰਨ** :- ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਐਨ ਡੀ ਪੀ ਐਸ ਐਕਟ ਦੇ ਅਧਿਆਇ 5-ਏ ਤੋਂ ਇਲਾਵਾ ਐਕਟ ਦੀ ਧਾਰਾ 8 ਏ ਗੈਰ ਕਾਨੂੰਨੀ ਤੌਰ ਤੇ ਬਣਾਈਆਂ ਸੰਪਤੀਆਂ ਨੂੰ ਬਦਲਣ ਜਾਂ ਤਬਦੀਲ ਕਰਨ, ਲੁਕਾਉਣ ਅਤੇ ਉਨ੍ਹਾਂ ਦੇ ਵਾਸਤਵਿਕ ਸਰੂਪ ਨੂੰ ਬਦਲਣ ਅਤੇ ਜਾਣ ਬੁਝ ਕੇ ਕਿਸੇ ਵੀ ਗੈਰ ਕਾਨੂੰਨੀ ਸੰਪਤੀ ਦੀ ਵਰਤੋਂ ਕਰਨਾ ਜਾਂ ਉਸ ਤੇ ਕਬਜਾ ਕਰਨਾ, ਜੋ ਕਿ ਐਕਟ ਤਹਿਤ ਇਕ ਅਪਰਾਧ ਹੈ ਜਾਂ ਕਿਸੇ ਹੋਰਵੇਂ ਦੇਸ਼ (ਵਿਦੇਸ਼) ਦੇ ਕਾਨੂੰਨ ਅਨੁਸਾਰ ਅਜਿਹਾ ਕਰਨ ਦੀ ਮਨਾਹੀ ਹੈ।

ਐਨ ਡੀ ਪੀ ਐਸ ਐਕਟ ਤਹਿਤ ਆਉਣ ਵਾਲੇ ਅਪਰਾਧ ਮਨੀ ਲਾਂਡਰਿੰਗ ਰੋਕਥਾਮ ਐਕਟ ਅਧੀਨ ਵੀ ਆਉਂਦੇ ਹਨ। ਕੇਸ ਦੀ ਵਿੱਤੀ ਤਫਤੀਸ਼ ਅਤੇ ਤਹਿਕੀਕਾਤ ਕਰਨ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਅਗਲੇਰੀ ਉਚਿਤ ਕਾਰਵਾਈ ਹਿੱਤ ਫਾਰਮ ਐਮ ਐਲ੍- ਅਤੇ ਐਮ ਐਲ੍ ਵਿਚ ਇਕ ਰਿਪੋਟ ਭੇਜੀ ਜਾਵੇ।

# ਅਧਿਆਇ- 18

## ਅਦਾਲਤ ਵਿਚ ਮੁਕੱਦਮਾ ਚਲਾਉਣ ਤੋਂ ਪਹਿਲਾਂ ਨਿਪਟਾਰਾ (ਪ੍ਰੀ-ਟ੍ਰਾਇਲ ਡਿਸਪੋਜ਼ਲ)

ਐਨ ਡੀ, ਪੀ ਐਸ ਅਤੇ ਸੀ ਐਸ ਦੇ ਜ਼ਬਤ ਕੀਤੇ ਗਏ ਸਟਾਕ ਨੂੰ ਮਲਕੀਅਤ ਅਤੇ ਤਸਕਰੀ ਦੇ ਮੁੱਢਲੇ ਸਬੂਤਾਂ ਵਜੋਂ ਸਮਝਿਆ ਜਾਂਦਾ ਹੈ ਅਤੇ ਅਦਾਲਤ ਵਿਚ ਮੁਕੱਦਮਾ ਚਲਾਉਣ ਦੌਰਾਨ ਇਸ ਨੂੰ ਕੇਸ ਸਬੂਤਾਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਨਾਲ ਕੇਸ ਦੇ ਜਾਂ ਅਪੀਲ ਦੇ ਖਤਮ ਹੋਣ ਤੱਕ ਸਟਾਕ ਨੂੰ ਨਿਪਟਾਰੇ ਵਿਚ ਦੇਰੀ ਦਾ ਪ੍ਰਭਾਵ ਪੈਂਦਾ ਹੈ। ਜ਼ਬਤ ਕੀਤਾ ਗਿਆ ਐਨ ਡੀ, ਪੀ ਐਸ ਅਤੇ ਸੀ ਐਸ ਦਾ ਸਟਾਕ, ਸਮਾਨ, ਚੋਰੀ, ਅਦਲਾ ਬਦਲੀ ਅਤੇ ਨੁਕਸਾਨ ਹੋਣ ਪੱਖੋਂ ਅਸੁਰੱਖਿਅਤ ਹੁੰਦਾ ਹੈ। ਇਹ ਅਣਜਾਣਪੁਣੇ ਵਿਚ ਹੀ ਗੈਰ ਕਾਨੂੰਨੀ ਚੈਨਲਾਂ ਨੂੰ ਸਪਲਾਈ ਕਰਨ ਦਾ ਸਾਧਨ ਪ੍ਰਦਾਨ ਕਰਦਾ ਹੈ। ਇਸ ਲਈ ਐਨ ਡੀ ਪੀ ਐਸ ਐਕਟ ਦੀ ਧਾਰਾ 52-ਏ ਤਹਿਤ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਜ਼ਬਤ ਕੀਤੇ ਸਮਾਨ ਬਾਰੇ ਕਿਸੇ ਵੀ ਸਮੇਂ ਅਦਾਲਤ ਵਿਚ ਦਰਖ਼ਾਸਤ ਦੇਣੀ ਹੁੰਦੀ ਹੈ ਅਤੇ ਜ਼ਬਤ ਕੀਤੇ ਗਏ ਸਮਾਨ ਦੇ ਨੁਕਸਾਨਦਾਇਕ ਹੋਣ ਕਰਕੇ ਉਸ ਨੂੰ ਉਚਿਤ ਸਥਾਨ ਤੇ ਸਟੋਰ ਕਰਨ ਬਾਰੇ, ਸਮਾਨ ਦੇ ਚੋਰੀ ਹੋਣ ਦੇ ਡਰ ਤੋਂ, ਉਸ ਦੇ ਅਦਲਾ-ਬਦਲੀ ਹੋਣ ਜਾਂ ਇਸ ਤਰ੍ਹਾਂ ਦਾ ਕੁਝ ਵੀ ਵਾਪਰਣ ਬਾਰੇ ਅਦਾਲਤ ਨੂੰ ਦੱਸਿਆ ਜਾਂਦਾ ਹੈ ਅਤੇ ਮਿਤੀ 10-5-2007 ਦੀ ਜਾਰੀ ਕੀਤੀ ਗਈ ਅਧਿਸੂਸਨਾ ਨੂੰ ਜੀ ਐਸ ਆਰ 339/ਈ ਵਿਚ ਦਰਸਾਏ ਗਏ ਢੰਗ ਨਾਲ ਜ਼ਬਤ ਕੀਤੀਆਂ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਨੂੰ ਮੁਕੱਦਮਾ ਚਲਾਉਣ ਤੋਂ ਪਹਿਲਾਂ ਉਨ੍ਹਾਂ ਦਾ ਨਿਪਟਾਰਾ (ਣਜਤਬਰ੍ਤ;) ਅਤੇ ਸਾਂਭ ਸੰਭਾਲ ਕਰਨ ਲਈ ਅਦਾਲਤ ਵਿਚ ਦੱਸ਼ਸਆ ਜਾਂਦਾ ਹੈ। ਨਾਲ ਹੀ ਉਹ ਜ਼ਬਤ ਕੀਤੇ ਨਸ਼ੀਲੇ ਪਦ੍ਾਥਾਂ ਅਤੇ ਬਾਕੀ ਸਮਾਨ ਦਾ ਡਿਸਪੋਜ਼ਲ Cr. P. C. ਦੀ ਧਾਰਾ 451 ਦੇ ਰਾਹੀਂ ਕਰ ਸਕਦਾ ਹੈ।

**ਪ੍ਰਕਿਰਿਆ** :-ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਐਨ ਡੀ ਪੀ ਐਸ ਐਕਟ ਅਧੀਨ ਜ਼ਬਤ ਕੀਤੇ ਸਮਾਨ ਦੀ ਸੂਚੀ ਅਧਿਸੂਚਨਾ

ਦੇ ਅਨੁਲੱਗ-1 ਅਨੁਸਾਰ ਤਿਆਰ ਕਰਦਾ ਹੈ ਅਤੇ ਧਾਰਾ 52 ਏ (2) ਅਧੀਨ ਫਾਰਮ ਅਨੁਲਗ 2 ਵਿਚ ਕਿਸੇ ਵੀ ਮੈਜਿਸਟ੍ਰੇਟ ਕੋਲ ਪੇਸ਼ ਕਰਦਾ ਹੈ। ਮੈਜਿਸਟ੍ਰੇਟ ਵੱਲੋਂ ਦਰਖ਼ਾਸਤ ਨੂੰ ਮਨਜ਼ੂਰ ਕੀਤੇ ਜਾਣ ਤੋਂ ਬਾਅਦ ਅਤੇ ਉਸ ਵੱਲੋਂ ਕਾਰਵਾਈ ਮੁਕੰਮਲ ਕਰਨ ਉਪਰੰਤ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਸੂਚੀ, ਫੋਟੋਗ੍ਰਾਫ ਅਤੇ ਲਏ ਗਏ ਨਮੂਨਿਆਂ ਦੀ ਇਨ੍ਹਾਂ ਮੈਜਿਸਟ੍ਰੇਟ ਸਾਹਮਣੇ ਸਬੂਤਾਂ ਵਜੋਂ ਪੇਸ਼ ਕਰਨ ਦੀ ਤਸਦੀਕ ਕਰਵਾਉਂਦਾ ਹੈ। ਮਾਲਖਾਨੇ ਦਾ ਮੁੱਖ ਅਫ਼ਸਰ ਜਾਂ ਕੇਸ ਅਫ਼ਸਰ ਇਸ ਸਾਰੇ ਸਮਾਨ ਦੀ ਸੂਚੀ ਤਿਆਰ ਕਰਦਾ ਹੈ ਅਤੇ ਜਿਸ ਨੂੰ ਐਕਟ ਦੀ ਧਾਰਾ 52 ਏ ਤਹਿਤ ਦਰਸਾਈ ਗਈ ਵਿਧੀ ਅਨੁਸਾਰ ਸੰਭਾਲਣ ਲਈ ਲਪੇਟ ਕੇ ਮੈਜਿਸਟ੍ਰੇਟ ਦੀ ਅਦਾਲਤ ਪਾਸੋਂ ਉਨ੍ਹਾਂ ਦੇ ਨਿਪਟਾਰੇ ਦੀ ਮਨਜ਼ੂਰੀ ਲੈਂਦਾ ਹੈ। ਇਸ ਤੋਂ ਬਾਅਦ ਉਹ ਇਸ ਸਾਰੇ ਸਮਾਨ ਬਾਰੇ ਸਾਰਾ ਵੇਰਵਾ ਡਰੱਗ ਡਿਸਪੋਜ਼ਲ ਕਮੇਟੀ ਕੋਲ ਉਸ ਦੇ ਫ਼ੈਸਲੇ ਲਈ ਪੇਸ਼ ਕਰਦਾ ਹੈ।

**ਡਰੱਗ ਡਿਸਪੋਜ਼ਲ ਕਮੇਟੀ :** - ਡਰੱਗ ਡਿਸਪੋਜ਼ਲ ਕਮੇਟੀ ਵਿਭਾਗ ਦੇ ਮੁਖੀ ਦੁਆਰਾ ਗਠਿਤ ਕੀਤੀ ਗਈ ਹੈ। ਇਸ ਕਮੇਟੀ ਦਾ ਮੁਖੀ ਜ਼ੋਨਲ ਡਾਇਰੈਕਟਰ, ਐਨ ਸੀ ਬੀ ਹੁੰਦਾ ਹੈ ਜਾਂ ਐਸ ਪੀ ਜਾਂ ਕਸਟਮਜ਼ ਅਤੇ ਸੈਂਟਰਲ ਐਕਸਾਈਜ਼ ਜਾਂ ਸੰਯੁਕਤ ਡਾਇਰੈਕਟਰ, ਡੀ ਆਰ ਆਈ ਜਾਂ ਇਸ ਦੇ ਬਰਾਬਰ ਦੇ ਰੈਂਕ ਦੇ ਅਧਿਕਾਰੀ ਜਾਂ ਮੁਖੀ ਹੁੰਦੇ ਹਨ ਜਦ ਕਿ ਹੋਰ ਮੈਂਬਰ ਏ ਐਸ ਪੀ ਜਾਂ ਸਹਾਇਕ/ਡਿਪਟੀ ਕਮਿਸ਼ਨਰ/ਡਾਇਰੈਕਟਰ ਹੁੰਦੇ ਹਨ। ਇਹ ਕਮੇਟੀ ਖਾਸ ਮਾਤ੍ਰਾ ਤੱਕ ਨਿਪਟਾਰੇ ਦਾ ਹੁਕਮ ਕਰ ਸਕਦੀ ਹੈ। ਜੇਕਰ ਮਾਤ੍ਰਾ ਜ਼ਿਆਦਾ ਹੁੰਦੀ ਹੈ ਤਾਂ ਵਿਭਾਗ ਦਾ ਮੁਖੀ ਉੱਚ ਪੱਧਰੀ ਡਰੱਗ ਡਿਸਪੋਜ਼ਲ ਕਮੇਟੀ ਨੂੰ ਤਾਇਨਾਤ ਕਰ ਸਕਦਾ ਹੈ।

**ਨਿਪਟਾਰੇ ਦੀ ਵਿਧੀ :-** ਅਫੀਮ, ਮੌਰਫੀਨ, ਕੋਡੀਨ ਅਤੇ ਥਿਬਾਈਨ ਦੀ ਡਿਸਪੋਜ਼ਲ, ਚੀਫ਼ ਕੰਟ੍ਰੋਲਰ, ਫੈਕਟਰੀਜ਼ ਨਵੀਂ ਦਿੱਲੀ ਤਹਿਤ ਗੌਰਮਿੰਟ ਅਫੀਮ ਐਂਡ ਐਲਕਾਇਡ ਵਰਕਸ ਭੇਜ ਕੇ ਕੀਤੀ ਜਾਂਦੀ ਹੈ। ਨਸ਼ੀਲੀਆਂ ਦਵਾਈਆਂ ਦੇ ਹੋਰਵੇਂ ਮਾਮਲਿਆਂ ਵਿਚ ਚੀਫ਼ ਕੰਟ੍ਰੋਲਰ, ਫੈਕਟਰੀਜ਼ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਉਹ

ਐਨ ਡੀ ਪੀ ਐਸ ਐਕਟ ਦੇ ਨਿਯਮ 67 ਬੀ ਅਧੀਨ ਨਮੂਨੇ ਵਜੋਂ ਸਪਲਾਈ ਲਈ ਉਨ੍ਹਾਂ ਦੁਆਰਾ ਲੋੜੀਂਦੀ ਮਾਤ੍ਰਾ ਵਿਚ ਅਤੇ ਕਿਸੇ ਵੀ ਨਸ਼ੀਲੀ ਦਵਾਈ ਬਾਰੇ 15 ਦਿਨਾਂ ਦੇ ਅੰਦਰ ਅੰਦਰ ਦੱਸੇਗੀ। ਨਸ਼ੀਲੀਆਂ ਦਵਾਈਆਂ ਦੀ ਲੋੜੀਂਦੀ ਮਾਤਰਾ ਨੂੰ ਚੀਫ਼ ਕੰਟ੍ਰੋਲਰ, ਫੈਕਟਰੀਜ਼ ਕੋਲ ਭੇਜਿਆ ਜਾਵੇਗਾ ਅਤੇ ਬਾਕੀ ਰਹਿੰਦੀ ਮਾਤਰਾ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ। ਵਿਭਾਗ ਦਾ ਮੁਖੀ ਘੱਟੋ ਘੱਟ 15 ਦਿਨ ਪਹਿਲਾਂ ਹੀ ਇਸ ਨੂੰ ਖਤਮ ਕਰਨ ਦੇ ਪ੍ਰੋਗਰਾਮ ਸਬੰਧੀ ਸੂਚਿਤ ਕਰੇਗਾ ਤਾਂ ਕਿ ਉਹ ਖੁਦ ਆਪ ਜਾਂ ਹੋਰਨਾਂ ਅਧਿਕਾਰੀਆਂ ਰਾਹੀਂ ਅਚਨਚੇਤ ਚੈਕਿੰਗ ਕਰ ਸਕੇ।

ਨਸ਼ੀਲੀਆਂ ਦਵਾਈਆਂ ਦਾ ਨਿਪਟਾਰਾ/ਖਾਤਮਾ ਕਰਨ ਲਈ ਰਾਜ ਪ੍ਰਦੂਸ਼ਣ ਰੋਕਥਾਮ ਬੋਰਡ/ ਪ੍ਰਦੂਸ਼ਣ ਕਮੇਟੀਆਂ ਦੀ ਮਨਜ਼ੂਰੀ ਅਤੇ ਪ੍ਰਵਾਨਗੀ ਤਹਿਤ ਹੀ ਭੱਠੀਆਂ ਵਿਚ ਸਾੜ ਕੇ ਕੀਤਾ ਜਾਵੇਗਾ। ਨਸ਼ੀਲੀਆਂ ਦਵਾਈਆਂ ਨੂੰ ਡਰੱਗ ਡਿਸਪੋਜ਼ਲ ਕਮੇਟੀ ਦੀ ਹਾਜ਼ਰੀ ਵਿਚ ਖਤਮ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਨੂੰ ਖਤਮ ਕਰਨ ਤੋਂ ਬਾਅਦ ਡਰੱਗ ਡਿਸਪੋਜ਼ਲ ਕਮੇਟੀ ਅਨੁਲਗ-3 ਵਿਚ ਦਿੱਤੇ ਅਨੁਸਾਰ ਤਿੰਨ ਪਰਤਾਂ ਵਿਚ ਨਿਪਟਾਰਾ-ਸਰਟੀਫਿਕੇਟ (ਡਿਸਪੋਜ਼ਲ-ਸਰਟੀਫਿਕੇਟ) ਤਿਆਰ ਕਰੇਗੀ। ਪਹਿਲੀ ਮੂਲ ਕਾਪੀ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਕੋਲ ਉਸ ਦੇ ਮਾਲਖਾਨੇ ਰਜਿਸਟਰ ਵਿਚ ਰੱਖੀ ਜਾਵੇਗੀ ਦੂਜੀ ਕਾਪੀ ਕੇਸ ਫਾਈਲ ਨਾਲ ਲੱਗੇਗੀ ਅਤੇ ਤੀਜੀ ਕਾਪੀ ਡਰੱਗ ਡਿਸਪੋਜ਼ਲ ਕਮੇਟੀ ਕੋਲ ਰਿਕਾਰਡ ਲਈ ਰੱਖੀ ਜਾਵੇਗੀ।

# ਅਧਿਆਇ- 19

## ਮੁਕਦਮਾ ਦਾਇਰ ਕਰਨਾ : ਦੋਸ਼ ਪੱਤਰ/ਸ਼ਿਕਾਇਤ ਦਾਇਰ ਕਰਨਾ

ਸ਼ਿਕਾਇਤ ਇਕ ਅਜਿਹਾ ਤੱਥਾਂ ਵਾਲਾ ਦਸਤਾਵੇਜ਼ ਹੈ ਜੋ ਕਿ ਅਪਰਾਧ ਹੋਣ ਬਾਰੇ ਤੱਥਾਂ ਨੂੰ ਸਾਬਤ ਕਰਦੀ ਹੈ ਅਤੇ ਜਿਸ ਨੂੰ ਕੀਤੇ ਗਏ ਅਪਰਾਧ ਲਈ ਕਾਰਵਾਈ ਕਰਨ ਵਾਲੇ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਪੁਲਿਸ ਰਿਪੋਟ ਦੁਆਰਾ ਦੋਸ਼ੀ ਵਿਅਕਤੀ ਦੇ ਖ਼ਿਲਾਫ਼ ਕਾਰਵਾਈ ਕਰਨਾ ਅਤੇ ਮੁਕੱਦਮਾ ਚਲਾਇਆ ਜਾਂਦਾ ਹੈ ਜਾਂ ਐਨ ਡੀ ਪੀ ਐਸ ਲਈ ਬਣਵਾਈ ਗਈ ਵਿਸ਼ੇਸ਼ ਅਦਾਲਤ ਵਿਚ ਸ਼ਿਕਾਇਤ ਦਾਇਰ ਕੀਤੀ ਜਾਂਦੀ ਹੈ ਜੋ ਕਿ ਪੁਲਿਸ ਰਿਪੋਟ ਤੇ ਜਾਂ ਸ਼ਿਕਾਇਤ ਤੇ ਉਸ ਅਪਰਾਧ ਸਬੰਧੀ ਕਾਰਵਾਈ ਕਰਦੀ ਹੈ।

**ਸਮਾਂ ਸੀਮਾ (ਮਿਆਦ) :-** ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਧਾਰਾ 19, 24, 27 ਏ ਨਾਲ ਸਬੰਧਤ ਅਪਰਾਧਾਂ ਲਈ ਜਾਂ ਕਮਰਸ਼ੀਅਲ ਮਾਤਰਾ ਵਾਲੇ ਕੇਸਾਂ ਵਿਚ 180 ਦਿਨਾਂ ਦੇ ਅੰਦਰ-ਅੰਦਰ (ਜਾਂ ਅਦਾਲਤ ਦੁਆਰਾ ਵਧਾਏ ਗਏ ਸਮੇਂ ਵਿਚ) ਸ਼ਿਕਾਇਤ/ਦੋਸ਼ ਪੱਤਰ ਦਾਇਰ ਹੋਣਾ ਚਾਹੀਦਾ ਹੈ ਜਾਂ ਹੋਰਨਾਂ ਕੇਸਾਂ ਵਿਚ 60 ਦਿਨਾਂ ਦੀ ਮਿਆਦ ਹੈ, ਜਿਸ ਦੇ ਨਤੀਜੇ ਵਜੋਂ ਦੇਰ ਨਾਲ ਦਾਇਰ ਕੀਤੀ ਗਈ ਸ਼ਿਕਾਇਤ ਤੇ ਦੋਸ਼ੀ ਵਿਅਕਤੀ ਦਾ ਜ਼ਮਾਨਤ ਲੈਣ ਲਈ ਆਪਣੇ ਆਪ ਹੱਕ ਬਣ ਜਾਂਦਾ ਹੈ।

**ਚਲਾਨ/ਸ਼ਿਕਾਇਤ :-** ਸ਼ਿਕਾਇਤ ਵਿਚ ਵਾਸਤਵਿਕ ਸਥਿਤੀ ਅਤੇ ਕਾਨੂੰਨੀ ਆਧਾਰ ਬਾਰੇ ਅਤੇ ਕੀਤੇ ਗਏ ਅਪਰਾਧ, ਅਪਰਾਧ ਵਿਚ ਸ਼ਾਮਲ ਵਿਅਕਤੀਆਂ ਬਾਰੇ, ਉਨ੍ਹਾਂ ਦੇ ਅਪਰਾਧ ਵਿਚ ਸ਼ਾਮਲ ਹੋਣ ਦੀ ਭੂਮਿਕਾ ਬਾਰੇ ਅਤੇ ਹਰੇਕ ਦੇ ਖ਼ਿਲਾਫ਼ ਇਕੱਠੇ ਕੀਤੇ ਗਏ ਸਬੂਤਾਂ ਆਦਿ ਬਾਰੇ ਜ਼ਰੂਰ ਦੱਸਿਆ ਜਾਣਾ ਚਾਹੀਦਾ ਹੈ। ਇਸ ਨਾਲ

ਧਿਆਨਪੂਰਵਕ ਗਵਾਹਾਂ ਦੀ ਸੂਚੀ ਜੋ ਕਿ ਮਹੱਤਵਪੂਰਨ ਗਵਾਹਾਂ ਨੂੰ ਸ਼ਾਮਲ ਕੀਤੇ ਜਾਣ ਬਾਰੇ ਜ਼ਰੂਰੀ ਨਾਲ ਸ਼ਾਮਿਲ ਕੀਤੀ ਜਾਵੇ। ਇਸ ਵਿਚ ਤੱਥਾਂ ਤੇ ਆਧਾਰਤ ਦਸਤਾਵੇਜ਼ਾਂ, ਰਿਕਾਰਡ, ਲੇਖਾ ਪੁਸਤਕਾਂ, ਵਸਤੂਆਂ ਅਤੇ ਸਮਾਨ ਦੀ ਸੂਚੀ ਹੋਣੀ ਚਾਹੀਦੀ ਹੈ ਜੋ ਕਿ ਮੁਕੱਦਮੇ ਵਿਚ ਸਬੂਤਾਂ ਵਜੋਂ ਪੇਸ਼ ਕੀਤਾ ਜਾਣਾ ਹੈ।

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਆਪਣੀ ਪੜਤਾਲੀਆ/ਤਫ਼ਤੀਸ਼ੀ ਰਿਪੋਟ ਵਿਚ ਮਾਰਕ, ਜਾਂ ਮੁੱਖ ਸਬੂਤਾਂ ਦੇ ਨਾਲ ਤੱਥਾਂ ਬਾਰੇ ਅਤੇ ਇਨ੍ਹਾਂ ਦੇ ਹਵਾਲੇ ਅਤੇ ਇਸ ਨਾਲ ਸਬੰਧਤ ਗਵਾਹਾਂ ਦੀ ਸੂਚੀ ਲਾਉਣੀ ਚਾਹੀਦੀ ਹੈ ਅਤੇ ਕਾਨੂੰਨੀ ਅਧਿਕਾਰੀ/ਵਿਭਾਗੀ ਵਕੀਲ/ਸਰਕਾਰੀ ਵਕੀਲ ਨਾਲ ਸਲਾਹ ਮਸ਼ਵਰਾ ਕਰਕੇ ਸ਼ਿਕਾਇਤ ਤਿਆਰ ਕਰਨੀ ਚਾਹੀਦੀ ਹੈ।

**ਸ਼ਿਕਾਇਤ :-** ਸ਼ਿਕਾਇਤ ਕਰਤਾ ਜ਼ਬਤ ਕਰਨ ਵਾਲੇ ਅਧਿਕਾਰੀ/ਗ੍ਰਿਫਤਾਰ ਕਰਨ ਵਾਲੇ ਅਧਿਕਾਰੀ ਤੋਂ ਇਲਾਵਾ ਕੋਈ ਹੋਰ ਅਧਿਕਾਰੀ ਵੀ ਹੋ ਸਕਦਾ ਹੈ। ਅਸਲ ਵਿਚ, ਸ਼ਿਕਾਇਤ ਕਰਤਾ ਕੇਸ ਦਾ ਪੜਤਾਲੀਆ ਅਫ਼ਸਰ ਹੋਣਾ ਚਾਹੀਦਾ ਹੈ ਜਿਸ ਨੂੰ ਕਿ ਅੰਤਮ ਪੜਾਅ ਤੱਕ ਕੇਸ ਦੀਆਂ ਸਾਰੀਆਂ ਘਟਨਾਵਾਂ ਦਾ ਲੜੀਵਾਰ ਅਤੇ ਕੇਸ ਦੀ ਸਥਿਤੀ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ।

# ਅਧਿਆਇ- 20

## ਕੇਸ ਫਾਈਲ ਪ੍ਰਬੰਧਨ

ਸਮੁੱਚੇ ਕੇਸ ਦੇ ਲਿਖਤੀ ਰਿਕਾਰਡ ਦੀ ਸਾਂਭ-ਸੰਭਾਲ ਕਰਨਾ, ਤਫ਼ਤੀਸ਼/ਪੜਤਾਲ ਵਿਚ ਸਭ ਤੋਂ ਮਹੱਤਵਪੂਰਨ ਕਾਰਜ ਹੈ। ਇਸ ਸਬੰਧੀ ਵਿਸ਼ੇਸ਼ ਤੌਰ ਤੇ ਕਰਨ ਵਾਲ ਕਾਰਜਾਂ ਦਾ ਜ਼ਰੂਰ ਅਨੁਸਰਨ ਕਰਨਾ ਚਾਹੀਦਾ ਹੈ।

**ਫਾਈਲ ਦੀ ਸਾਂਭ ਸੰਭਾਲ :** - ਡਰੱਗ ਲਾੱਅ ਇਨਫੋਰਸਮੈਂਟ ਅਫ਼ਸਰ ਨੂੰ ਕਾਰਵਾਈ ਸੂਚਨਾ ਦੇ ਪੜਾਅ ਤੇ ਤਿੰਨ ਤਰ੍ਹਾਂ ਦੀ ਫਾਈਲ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ। ਸੂਚਨਾ ਸੱਚ ਹੋ ਸਕਦੀ ਹੈ ਪ੍ਰੰਤੂ ਇਹ ਇਤਨੀ ਜ਼ਿਆਦਾ ਸਰਸਰੀ ਅਤੇ ਅਸਪਸ਼ਟ ਹੁੰਦੀ ਹੈ ਕਿ ਇਸ ਲਈ ਬਹੁਤ ਸਮਾਂ ਲੱਗਦਾ ਹੈ ਅਤੇ ਇਸ ਨੂੰ ਤਿਆਰ ਕਰਨ ਲਈ ਵਿਸ਼ੇਸ਼ ਕੋਸ਼ਿਸ਼ਾਂ ਕਰਨੀਆਂ ਪੈਂਦੀਆਂ ਹਨ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਆਪਣੇ ਨਿੱਜੀ ਹਵਾਲੇ ਅਤੇ ਵਰਤੋਂ ਲਈ ਇਕ ਐਨ ਜੀ ਓ ਫਾਈਲ ਜ਼ਰੂਰ ਤਿਆਰ ਕਰਨੀ ਚਾਹੀਦੀ ਹੈ ਜਿਸ ਵਿਚ ਸੂਚਨਾ ਮਿਲਣ ਤੇ ਕੀਤੇ ਗਏ ਕਾਰਜ ਦਾ ਰਿਕਾਰਡ ਹੋਵੇਗਾ ਜਿਵੇਂ ਕਿ ਉਸ ਨੇ ਪੱਕੇ ਸੁਰਾਗ ਇਕੱਠੇ ਕੀਤੇ ਹਨ ਅਤੇ ਕਾਰਵਾਈ ਸਬੰਧੀ ਸੂਚਨਾ ਕਾਰਵਾਈ ਕਰਨ ਤੱਕ ਸੰਭਾਲ ਕਰਨੀ ਹੈ।

ਦੂਜੀ ਤਰ੍ਹਾਂ ਦੀ ਫਾਈਲ ਪੂਰੀ ਤਰ੍ਹਾਂ ਨਾਲ ਗੁਪਤ ਰੱਖੀ ਜਾਵੇਗੀ ਜਿਸ ਵਿਚ ਕਿ ਪ੍ਰਾਪਤ ਕੀਤੀ ਗਈ ਸੂਚਨਾ ਦਾ ਦਫ਼ਤਰੀ ਰਿਕਾਰਡ ਸਾਂਭਿਆ ਜਾਵੇਗਾ ਪ੍ਰੰਤੂ ਸ਼ੱਕੀ ਡਰੱਗ ਤਸਕਰ ਨੂੰ ਵਾਸਤਵਿਕ ਅਤੇ ਇਲੈਕਟ੍ਰੋਨਿਕ ਨਿਗਰਾਨੀ ਵਿਚ ਰੱਖਣ ਦੀ ਲੋੜ ਹੈ। ਕਿਉਂਕਿ ਇਹ ਇਕ ਕਾਨੂੰਨੀ ਰੋਕਥਾਮ ਹੋਵੇਗੀ, ਇਸ ਲਈ ਦੂਸਰੀ ਫਾਈਲ ਰੋਜ਼ਾਨਾ ਕਾਰਵਾਈ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ ਜਿਸ ਵਿਚ ਆਡੀਓ ਤੇ ਵੀਡੀਓ ਆਦਿ ਸਬੂਤ ਇਕੱਤਰ ਕੀਤੇ ਜਾਣਗੇ।

ਤੀਸਰੇ ਕਿਸਮ ਦੀ ਫਾਈਲ ਐਨ ਡੀ, ਪੀ ਐਸ ਜਾਂ ਸੀ ਐਸ ਜਾਂ ਆਈ ਏ ਪੀ ਮੁਖ ਕੇਸ ਵਾਲੀ ਫਾਈਲ ਹੈ ਜੋ ਕਿ ਆਮ ਤੌਰ ਤੇ ਅਪਰਾਧ ਦੇ ਪਤਾ ਲੱਗਣ ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਵਿਚ ਐਨ ਡੀ, ਪੀ ਐਸ ਜਾਂ ਸੀ ਐਸ ਜਾਂ ਆਈ ਏ ਪੀ ਦੀ ਜ਼ਬਤ ਅਤੇ ਅਪਰਾਧ ਦੇ ਹੋਣ ਸਬੰਧੀ ਹੋਰਵੇਂ ਸਬੂਤਾਂ ਬਾਰੇ ਵੇਰਵਾ ਹੁੰਦਾ ਹੈ। ਅਪਰਾਧ ਰਜਿਸਟਰ ਵਿਚ ਦਰਜ ਕੀਤਾ ਗਿਆ ਨੰਬਰ, ਕੇਸ ਦੀ ਫਾਈਲ ਦਾ ਲੜੀ ਨੰਬਰ ਹੁੰਦਾ ਹੈ।

ਕਾਰਵਾਈ ਦੌਰਾਨ ਮਿਲੇ ਅਸਲ ਦਸਤਾਵੇਜ਼ਾਂ ਨੂੰ ਵੱਖਰੀ ਫਾਈਲ ਵਿਚ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੀ ਸੁਰੱਖਿਆ ਵਿਚ ਰੱਖੀ ਜਾਣੀ ਚਾਹੀਦੀ ਹੈ ਕਿਉਂਕੀ ਮੁਖ ਫਾਈਲ ਨਿਰੰਤਰ ਹੀ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਤੋਂ ਉਨ੍ਹਾਂ ਅਧਿਕਾਰੀਆਂ, ਕਾਨੂੰਨ ਅਧਿਕਾਰੀਆਂ, ਵਿਭਾਗੀ ਵਕੀਲਾਂ, ਸਰਕਾਰੀ ਵਕੀਲਾਂ ਅਤੇ ਹੋਰਨਾਂ ਦੇ ਹੱਥਾਂ ਵਿਚੋਂ ਲੰਘਦੀ ਹੈ। ਇਨ੍ਹਾਂ ਹਾਲਾਤਾਂ ਵਿਚ ਫਾਈਲ ਦੇ ਗੁੰਮ ਹੋਣ, ਨੁਕਸਾਨ ਹੋਣ ਦੇ ਬਹੁਤ ਮੌਕੇ ਹੁੰਦੇ ਹਨ ਅਤੇ ਅਸਲ ਦਸਤਾਵੇਜ਼ਾਂ ਨੂੰ ਸੁਰੱਖਿਅਤ ਅਤੇ ਵੱਖਰੇ ਤੌਰ ਤੇ ਸਾਂਭਣ ਦੀ ਲੋੜ ਹੈ। ਫਾਈਲ ਦੇ ਗੁੰਮ ਹੋਣ ਤੇ ਨੁਕਸਾਨ ਹੋਣ ਤੇ ਮੁੱਖ ਪੜਤਾਲ ਫਾਈਲ ਵਿਚੋਂ ਇਸ ਨੂੰ ਦੁਬਾਰਾ ਤਿਆਰ ਕੀਤਾ ਜਾ ਸਕਦਾ ਹੈ।

**ਫਾਈਲ ਨੋਟਿੰਗ :-** ਕੇਸ ਫਾਈਲ ਦੇ ਹਰੇਕ ਦਸਤਾਵੇਜ਼ਾਂ ਤੇ ਨੰਬਰ ਲਗਾਓ ਅਤੇ ਫਾਈਲ ਦੀ ਨੋਟਿੰਗ ਸ਼ੀਟ ਤੇ ਇਕ ਪਾਸੇ ਪ੍ਰਤਿ ਹਵਾਲਾ ਦਿਓ। ਇਸ ਦੇ ਕੇਸ ਦਾ ਵਰਣਨ ਜਾਂ ਸਬੂਤਾਂ ਬਾਰੇ ਵੇਰਵੇ ਦਾ ਦੂਹਰਾ ਲਾਭ ਹੁੰਦਾ ਹੈ ਅਤੇ ਇਸ ਬਾਰੇ ਸੂਚੀ ਤਿਆਰ ਕਰੋ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਅਤੇ ਉੱਚ ਅਧਿਕਾਰੀ ਕੇਸ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਵਿਭਿੰਨ ਅਧਿਕਾਰੀਆਂ ਦੁਆਰਾ ਵੱਖ-ਵੱਖ ਪੜਾਵਾਂ ਤੇ ਨੋਟਿੰਗਸ਼ੀਟ ਵਿਚ ਦਿੱਤੇ ਗਏ ਵੇਰਵਿਆਂ ਤੋਂ ਆਸਾਨੀ ਨਾਲ ਕੇਸ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਮਿਲ ਜਾਂਦੀ ਹੈ।

**ਕੇਸ ਤਿਆਰ ਕਰਨਾ :-** ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਇਹ ਯਕੀਨੀ ਹੋਣਾ ਚਾਹੀਦਾ ਹੈ ਕਿ ਦਸਤਾਵੇਜ਼ਾਂ ਨੂੰ ਫਾਈਲ ਵਿਚ ਕਾਲਕ੍ਰਮਿਕ ਢੰਗ ਨਾਲ ਲਗਾਇਆ ਗਿਆ ਹੈ ਅਤੇ ਪੜਤਾਲੀਆ ਲਿੰਕਸ ਆਪਸ ਵਿਚ ਜੁੜਦੇ ਹੋਣ ਕਿਉਂਕਿ ਤਫਤੀਸ਼ ਦੇ ਖ਼ਤਮ ਹੋਣ ਤੱਕ ਅਗਲੇ ਪੜਾਅ ਵਿਚ ਅਗਲੀ ਕਾਰਵਾਈ ਦੇ ਆਧਾਰ ਤੇ ਹਰੇਕ ਬਿਆਨ ਜਾਂ ਹੋਰਵੇਂ ਰਿਕਾਰਡ ਜਾਂ ਕੇਸ ਦੇ ਵਿਕਾਸ ਦਾ ਨਿਰੀਖਣ ਹੁੰਦਾ ਹੈ ਅਤੇ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਅਦਾਲਤ ਵਿਚ ਸ਼ਿਕਾਇਤ/ਪੁਲਿਸ ਰਿਪੋਟ ਦਾਇਰ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਸਰਕਾਰੀ ਅਧਿਕਾਰੀ ਜਾਂ ਕਿਸੇ ਪ੍ਰਾਈਵੇਟ ਵਿਅਕਤੀ ਜਾਂ ਕਿਸੇ ਵਿਅਕਤੀ ਦੇ ਬਿਆਨ ਦਰਜ ਕਰਕੇ ਅਤੇ ਕੇਸ ਨਾਲ ਸਬੰਧਤ ਦਸਤਾਵੇਜ਼ ਪ੍ਰਾਪਤ ਕਰਕੇ ਤਫਤੀਸ਼/ਪੜਤਾਲ ਕਰਨ ਤੋਂ ਬਾਅਦ, ਇਸ ਦੀ ਉਚਿਤਤਾ, ਉਪਯੋਗ ਅਤੇ ਅੱਗੋਂ ਹੋਰ ਖੁਲਾਸਾ ਕਰਨਾ ਚਾਹੀਦਾ ਹੈ। ਉਸ ਨੂੰ ਨੋਟਿੰਗ ਸਾਈਡ ਤੇ ਉੱਚ ਅਧਿਕਾਰੀਆਂ ਦੇ ਪਰੇਖਣ ਲਈ ਕੇਸ ਦਾ ਸੰਖੇਪ ਵੇਰਵਾ ਦੇਣਾ ਚਾਹੀਦਾ ਹੈ। ਜਿਨ੍ਹਾਂ ਤੋਂ ਕਿ ਸਬੂਤਾਂ ਬਾਰੇ ਆਪਣਾ ਸਲਾਹ/ਮਸ਼ਵਰਾ ਦੇਣ ਦੀ ਉਮੀਦ ਹੈ ਇਸ ਤੋਂ ਬਾਅਦ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਅਗਲੀ ਕਾਰਵਾਈ ਕੀਤੀ ਜਾਵੇ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਫਾਈਲ ਨੂੰ ਰੋਜ਼ਾਨਾ ਅਤੇ ਸਮੇਂ ਸਮੇਂ ਤੇ, ਪੰਦਰਾਂ ਦਿਨਾਂ ਵਿਚ ਘੱਟੋ ਘੱਟ ਇਕ ਵਾਰੀ, ਉੱਚ ਅਧਿਕਾਰੀਆਂ ਕੋਲ ਪੇਸ਼ ਕਰਨ ਨੂੰ ਯਕੀਨੀ ਬਣਾਏਗਾ ਤਾਂ ਕਿ ਇਸ ਦੇ ਮੁਕੰਮਲ ਹੋਣ ਤੱਕ ਤਫ਼ਤੀਸ਼ / ਪੜਤਾਲ ਵਿਚ ਇਕਸਾਰਤਾ ਕਾਇਮ ਰੱਖੀ ਜਾ ਸਕੇ ।

**ਸਮੇਂ-ਸੀਮਾ:-** ਪੜਤਾਲ/ਤਫ਼ਤੀਸ਼ ਨੂੰ 60 ਜਾਂ 180 ਦਿਨਾਂ ਜੋ ਵੀ ਲਾਗੂ ਹੁੰਦਾ ਹੈ ਦੇ ਅੰਦਰ-ਅੰਦਰ ਮੁਕੰਮਲ ਕੀਤਾ ਜਾਵੇ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਪੜਤਾਲ ਮੁਕੰਮਲ ਨਾ ਹੋਣ ਦੇ ਮਾਮਲੇ ਵਿਚ ਉਸ ਨੂੰ ਫਾਈਲ ਤੇ ਅਣਗਿਣਤ ਵਿਅਕਤੀਆਂ ਦੀਆਂ ਗਵਾਹੀਆਂ ਬਾਰੇ, ਕੁਝ ਭਗੌੜੇ ਵਿਅਕਤੀਆਂ ਬਾਰੇ ਟੈਸਟ ਰਿਪੋਟਾਂ ਦੇ ਨਾ ਮਿਲਣ ਕਰਕੇ ਅੰਤਰ ਰਾਸ਼ਟਰੀ ਜਾਂਚ-ਪੜਤਾਲਾਂ ਅਤੇ ਬੇਨਾਮੀ ਸੰਪਤੀਆਂ ਆਦਿ ਬਾਰੇ ਰਿਪੋਟ ਕਰਨੀ ਚਾਹੀਦੀ ਹੈ। ਉੱਚ ਅਧਿਕਾਰੀਆਂ ਤੋਂ ਮਨਜ਼ੂਰੀ ਲੈਣ ਤੋਂ ਬਾਅਦ ਉਹ ਸਰਕਾਰੀ ਵਕੀਲ/ਵਿਭਾਗੀ ਵਕੀਲ ਰਾਹੀਂ ਸ਼ਿਕਾਇਤ/ਚਾਰਜਸ਼ੀਟ ਤਿਆਰ ਕਰਨ ਲਈ ਸਮੇਂ ਵਿਚ ਵਾਧਾ ਕਰਨ ਲਈ ਅਦਾਲਤ ਵਿਚ ਅਰਜ਼ੀ ਦੇਵੇ।

**ਤਫ਼ਤੀਸ਼ ਰਿਪੋਟ :-** ਤਫ਼ਤੀਸ਼ ਮੁਕੰਮਲ ਹੋਣ ਤੋਂ ਬਾਅਦ, ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਇਕ ਵਿਸਤ੍ਰਿਤ ਰਿਪੋਟ ਤਿਆਰ ਕਰਨੀ ਚਾਹੀਦੀ ਹੈ ਜਿਸ ਵਿਚ ਅਪਰਾਧਾਂ ਦੀ ਸੂਚੀ, ਮੁਖ ਦੋਸ਼ੀਆਂ ਅਤੇ ਉਨ੍ਹਾਂ ਦੇ ਸਾਥੀਆਂ ਬਾਰੇ ਅਤੇ ਉਨ੍ਹਾਂ ਦੀ ਅਪਰਾਧ ਵਿਚ ਭੂਮਿਕਾ ਬਾਰੇ, ਸ੍ਰੋਤਾਂ ਬਾਰੇ, ਟੀਚੇ ਬਾਰੇ, ਲੈਣ ਦੇਣ ਬਾਰੇ, ਨਕਦੀ ਰਕਮ ਬਾਰੇ, ਪਿਛਲੇ ਅਪਰਾਧਾਂ ਬਾਰੇ ਅਤੇ ਅਪਰਾਧ ਵਿਚ ਪ੍ਰਯੋਗ ਕੀਤੀਆਂ ਸੰਪਤੀਆਂ ਬਾਰੇ ਅਤੇ ਹਰੇਕ ਅਪਰਾਧ ਨੂੰ ਸਾਬਤ ਕਰਨ ਲਈ ਇਕੱਤਰ ਕੀਤੇ ਗਏ ਸਬੂਤਾਂ ਦੀ ਕਿਸਮ ਬਾਰੇ ਵਿਸਤ੍ਰਿਤ ਰਿਪੋਟ ਸੂਚੀ ਦੇਣੀ ਚਾਹੀਦੀ ਹੈ। ਸਰਕਾਰੀ ਵਕੀਲ/ਵਿਭਾਗੀ ਵਕੀਲ ਨਾਲ ਸਲਾਹ ਮਸ਼ਵਰਾ ਕਰਕੇ ਤਿਆਰ ਕੀਤੀ ਗਈ ਇਹ ਤਫਤੀਸ਼ੀ ਰਿਪੋਟ ਸ਼ਿਕਾਇਤ ਤਿਆਰ ਕਰਨ ਦਾ ਆਧਾਰ ਬਣ ਜਾਵੇਗੀ।

**ਅਦਾਲਤੀ ਫਾਈਲ :-** ਸ਼ਿਕਾਇਤ ਦਾਇਰ ਕਰਨ ਤੋਂ ਬਾਅਦ ਇਕ ਵੱਖਰੀ ਕੋਰਟ ਫਾਈਲ ਤਿਆਰ ਕੀਤੀ ਜਾਣੀ ਚਾਹੀਦੀ ਹੈ ਜਿਸ ਵਿਚ ਦਾਇਰ ਕੀਤੀ ਗਈ ਸ਼ਿਕਾਇਤ ਦੀ ਕਾਪੀ ਦੇ ਨਾਲ ਅਦਾਲਤ ਵਿਚ ਪੇਸ਼ ਕੀਤੇ ਦਸਤਾਵੇਜ਼ਾਂ ਦੀ ਸੂਚੀ ਨੂੰ ਸ਼ਾਮਿਲ ਕੀਤਾ ਜਾਣਾ

ਚਾਹੀਦਾ ਹੈ। ਸਾਰੀਆਂ ਦਰਖ਼ਾਸਤਾਂ, ਜ਼ਮਾਨਤ ਦੀਆਂ ਅਰਜ਼ੀਆਂ ਅਤੇ ਹੋਰਵੇਂ ਅਦਾਲਤ ਦੁਆਰਾ ਜਾਰੀ ਕੀਤੀ ਗਈ ਕਾਰਵਾਈ ਨੂੰ ਸਮਾਂਬੱਧ ਕਰਕੇ ਰੱਖਿਆ ਜਾਵੇ ਅਤੇ ਅਦਾਲਤ ਦੁਆਰਾ ਕੀਤੀ ਗਈ ਰੋਜ਼ਾਨਾ ਕਾਰਵਾਈ ਬਾਰੇ ਵੇਰਵਾ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਧਿਆਨਪੂਰਵਕ ਸਾਂਭਿਆ ਜਾਣਾ ਚਾਹੀਦਾ ਹੈ। ਇਸ ਨਾਲ ਮੁਕਦਮੇ ਦੀ ਕਾਰਵਾਈ ਬਾਰੇ ਅਤੇ ਸਰਕਾਰੀ ਵਕੀਲ ਦੇ ਪ੍ਰਬੰਧ ਦੇ ਬਾਰੇ ਬਿਲਾਂ ਅਤੇ ਅਦਾਇਗੀਆਂ ਬਾਰੇ ਸਹਾਇਤਾ ਵੀ ਮਿਲਦੀ ਹੈ।

**ਵਿੱਤੀ ਤਫ਼ਤੀਸ਼ ਮਾਮਲੇ :-** ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਇਕ ਵੱਖਰੀ ਫਾਈਲ ਤੇ ਵਿੱਤੀ ਤਫ਼ਤੀਸ਼ ਬਾਰੇ ਦਰਜ ਕਰਨਾ ਚਾਹੀਦਾ ਹੈ ਕਿਉਂਕਿ ਸਮਰੱਥ ਅਧਿਕਾਰੀ ਅਤੇ ਐਂਟੀ ਮਨੀ ਲਾਂਡਰਿੰਗ ਅਥਾਰਟੀ ਨੂੰ ਕੇਸ ਭੇਜਿਆ ਜਾਂਦਾ ਹੈ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਚਾਹੀਦਾ ਹੈ ਕਿ ਕਥਿਤ ਅਥਾਰਟੀ ਨਾਲ ਕੀਤੇ ਗਏ ਪੱਤਰ ਵਿਹਾਰ ਬਾਰੇ ਸਾਰੀਆਂ ਰਿਪੋਟਾਂ ਨੂੰ ਧਿਆਨਪੂਰਵਕ ਸੰਭਾਲਣਾ ਚਾਹੀਦਾ ਹੈ ਅਤੇ ਉਚ ਅਧਿਕਾਰੀਆਂ ਦੇ ਪ੍ਰੇਖਣ ਅਤੇ ਅਗਲੀਆਂ ਹਦਾਇਤਾਂ ਲਈ ਸਮੇਂ ਸਮੇਂ ਤੇ ਫਾਈਲ ਪੇਸ਼ ਕਰਨੀ ਚਾਹੀਦੀ ਹੈ।

# ਅਧਿਆਇ- 21

## ਮੁਕਦਮਾ ਅਤੇ ਜ਼ਮਾਨਤ ਪ੍ਰਬੰਧਨ

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਐਕਟ ਅਧੀਨ ਹਰੇਕ ਅਪਰਾਧ ਐਨ ਡੀ ਪੀ ਐਸ ਐਕਟ ਦੀ ਧਾਰਾ 37 ਅਧੀਨ ਪੁਲਿਸ ਦੁਆਰਾ ਜਾਂਚ ਅਤੇ ਮੁਕੱਦਮਾ ਚਲਾਉਣਯੋਗ ਹੈ। ਉਸ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਵਪਾਰਕ ਮਾਤਰਾ ਵਾਲੇ ਅਪਰਾਧਾਂ ਲਈ ਜਾਂ ਧਾਰਾ 19, 24, 27 ਏ ਅਧੀਨ ਆਉਣ ਵਾਲੇ ਅਪਰਾਧਾਂ ਲਈ ਸ਼ਿਕਾਇਤ ਦਾਇਰ ਕਰਨ/ਚਾਰਸ਼ੀਟ ਪੇਸ਼ ਕਰਨ ਲਈ 180 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰਨ ਦਾ ਸਮਾਂ ਹੈ (ਜਾਂ ਅਦਾਲਤ ਦੁਆਰਾ ਵਧਾਇਆ ਗਿਆ ਸਮਾਂ) ਜਾਂ ਹੋਰਨਾਂ ਕੇਸਾਂ ਵਿਚ 60 ਦਿਨਾਂ ਦੀ ਮਿਆਦ ਹੁੰਦੀ ਹੈ ਨਹੀਂ ਤਾਂ ਆਪਣੇ ਆਪ ਹੀ ਅਪਰਾਧੀ ਨੂੰ ਜ਼ਮਾਨਤ ਦਾ ਹੱਕ ਮਿਲ ਜਾਵੇਗਾ।

**ਜ਼ਮਾਨਤ :-** ਅਧਿਕਾਰੀ ਨੂੰ ਐਨ ਡੀ ਪੀ ਐਸ ਐਕਟ ਦੀ ਧਾਰਾ 37 (1) (ਬੀ) ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਐਕਟ ਦੀ ਧਾਰਾ 19, 24 ਜਾਂ 27 ਏ ਤਹਿਤ ਦੰਡਯੋਗ ਜਾਂ ਵਪਾਰਕ ਮਾਤਰਾ ਵਾਲੇ ਕਿਸੇ ਵੀ ਅਪਰਾਧ ਲਈ, ਕਿਸੇ ਵੀ ਦੋਸ਼ੀ ਵਿਅਕਤੀ ਨੂੰ ਬਿਨਾ ਸਰਕਾਰੀ ਵਕੀਲ ਨੂੰ ਮੁਖਾਲਫਤ ਕਰਨ ਦਾ ਮੌਕਾ ਦਿੱਤੇ ਅਤੇ ਅਦਾਲਤ ਦੀ ਤਸੱਲੀ ਹੋਣ ਤੱਕ ਕਿ ਮੁਡਲੇ ਤੌਰ ਤੇ ਮੁਲਜ਼ਮ ਦੋਸ਼ੀ ਨਹੀਂ ਲਗਦਾ ਹੈ ਅਤੇ ਜ਼ਮਾਨਤ ਮਿਲਣ ਤੋਂ ਬਾਅਦ ਉਹ ਅਜਿਹਾ ਕੋਈ ਅਪਰਾਧ ਨਹੀਂ ਕਰਦਾ ਹੈ, ਉਸਨੂੰ ਉਸ ਦੇ ਆਪਦੇ ਬਾਂਡ ਤੇ ਜਾਂ ਜ਼ਮਾਨਤ ਤੇ ਰਿਹਾ ਨਹੀਂ ਕੀਤਾ ਜਾਵੇਗਾ।

**ਮੁਕੱਦਮਾ ਚਲਾਉਣਾ :-** ਬਚਾਓ ਵਕੀਲ ਦੁਆਰਾ ਜ਼ਿਰਹ ਕਰਨ ਨਾਲ ਸਰਕਾਰੀ ਗਵਾਹਾਂ ਦੁਆਰਾ ਦਿੱਤੇ ਗਏ ਬਿਆਨ ਵਿਚ ਅੰਤਰ ਅਤੇ ਕਮੀਆਂ ਸਾਹਮਣੇ ਲਿਆਂਦੀਆਂ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਨਾਲ ਤੱਥ ਸਾਬਤ ਨਹੀਂ ਹੁੰਦੇ ਜਾਂ ਕਥਿਤ ਅੰਤਰ ਕਾਰਣ ਪੈਦਾ ਹੋਇਆ ਸ਼ੱਕ ਦੋਸ਼ੀ ਦੇ ਹੱਕ ਵਿਚ ਜਾਂਦਾ ਹੈ। ਇਸ ਲਈ ਅਦਾਲਤ

ਵਿਚ ਪੇਸ਼ ਕੀਤੇ ਗਏ ਦਸਤਾਵੇਜ਼ੀ ਰਿਕਾਰਡ ਤੇ ਪੱਕੇ ਤੌਰ ਤੇ ਡਟੇ ਰਹਿਣਾ ਬਹੁਤ ਮਹੱਤਵਪੂਰਣ ਹੈ ਅਤੇ ਕੇਵਲ ਉਨ੍ਹਾਂ ਤੱਥਾਂ ਨੂੰ ਹੀ ਦੱਸਣਾ ਹੈ ਜੋ ਕਿ ਅਧਿਕਾਰੀ ਦੁਆਰਾ ਖੁਦ ਦੇਖੇ ਅਤੇ ਅਨੁਭਵ ਕੀਤੇ ਗਏ ਹਨ।

ਇਹ ਯਾਦ ਰੱਖੋ ਕਿ ਕੇਵਲ ਜ਼ਬਤ ਕਰਨ ਵਾਲਾ ਅਧਿਕਾਰੀ ਹੀ ਜਿਸ ਨੇ ਕਿ ਪੰਚਨਾਮੇ ਤੇ ਹਸਤਾਖ਼ਰ ਕੀਤੇ ਹਨ, ਪੰਚਨਾਮੇ ਵਿਚ ਦਰਸਾਏ ਗਏ ਸਾਰੇ ਤੱਥਾਂ ਨੂੰ ਸਾਬਤ ਕਰ ਸਕਦਾ ਹੈ। ਅਜਿਹਾ ਕੋਈ ਵੀ ਅਧਿਕਾਰੀ ਜਿਸ ਨੇ ਕਿ ਕੇਸ ਤਿਆਰ ਕਰਨ ਵਿਚ ਸਹਿਯੋਗ ਦਿੱਤਾ ਹੋਵੇ ਜਿਵੇਂ ਭਾਰ ਤੋਲਨ 'ਚ ਸਹਿਯੋਗ ਦਿੱਤਾ ਹੋਵੇ ਪ੍ਰੰਤੂ ਇਮਾਰਤ ਤੌਂ ਜ਼ਬਤੀ ਸਮੇਂ ਮੌਕੇ ਤੇ ਹਾਜ਼ਰ ਨਾ ਹੋਵੇ, ਅਤੇ ਇਸ ਲਈ ਉਸਨੂੰ ਕੇਸ ਦੇ ਸਬੰਧੀ ਰਿਕਵਰੀ ਸੰਬਧੀ ਤੱਥਾਂ ਬਾਰੇ ਅਦਾਲਤ 'ਚ ਨਹੀਂ ਦੱਸਨਾ ਚਾਹਿਦਾ ਕਿਉਂਕੀ ਇਸ ਨਾਲ ਮੁੱਖ ਜਾਂਚ ਅਧਿਕਾਰੀ ਅਤੇ ਉਸਦੀ ਗਵਾਹੀ 'ਚ ਅੰਤਰ ਆਉਣ ਦੀ ਸੰਭਾਵਨਾ ਹੈ।

ਬਰਾਮਦੀ ਅਤੇ ਗ੍ਰਿਫ਼ਤਾਰੀ ਬਾਰੇ ਸਬੂਤਾਂ ਨੂੰ ਸਾਬਤ ਕਰਨ ਲਈ ਤਲਾਸ਼ੀ ਗਵਾਹ ਸਭ ਤੋਂ ਪਹਿਲਾ ਗਵਾਹ ਹੋਣਾ ਚਾਹੀਦਾ ਹੈ। ਜ਼ਬਤ ਕਰਨ ਵਾਲੇ ਅਫਸਰ ਦੀ ਗਵਾਹੀ ਅਖ਼ੀਰ ਤੇ ਹੋਣੀ ਚਾਹੀਦੀ ਹੈ ਕਿ ਤਾਂ ਕਿਸੇ ਵੀ ਮਹੱਤਵਪੂਰਣ ਸਬੂਤ, ਜੋ ਕਿ ਸਬੂਤ ਪੇਸ਼ ਕਰਨ ਸਮੇਂ ਰਹਿ ਗਿਆ ਸੀ ਅਤੇ ਬਿਆਨ ਵਿਚ ਕਿਸੇ ਵੀ ਤਰ੍ਹਾਂ ਦੇ ਫ਼ਰਕ ਹੋਵੇ ਤਾਂ ਉਹ ਇਸ ਫ਼ਰਕ ਨੂੰ ਠੀਕ ਕਰ ਸਕਦਾ ਹੈ। ਜਿਥੇ ਯਕੀਨ ਨਾ ਹੋਵੇ, ਉਥੇ ਕੇਸ ਵਿਚ ਪੇਸ਼ ਕੀਤੇ ਦਸਤਾਵੇਜ਼ਾਂ ਨੂੰ ਅਦਾਲਤ ਦੀ ਪ੍ਰਵਾਨਗੀ ਦੇਖਿਆ ਜਾ ਸਕਦਾ ਹੈ ਅਤੇ ਰਿਕਾਰਡ ਕੀਤੇ ਗਏ ਤੱਥਾਂ ਦੇ ਆਧਾਰ ਤੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ।

ਬਹੁਤ ਸਾਰੀਆਂ ਅਦਾਲਤਾਂ ਅਤੇ ਮੁਲਜ਼ਮ ਦੇ ਵਕੀਲ ਪ੍ਰਕ੍ਰਿਆ ਅਤੇ ਕਾਰਵਾਈ ਕਰਨ ਤੋਂ ਪਹਿਲਾਂ ਦੇ ਦਸਤਾਵੇਜ਼ ਅਤੇ ਰਿਕਾਰਡ ਨੂੰ ਇਧਰ ਉਧਰ ਲੈ ਜਾਣ, ਪੁਲਿਸ ਰਿਪੋਟ ਜਾਂ ਅਦਾਲਤ ਵਿਚ ਦੋਸ਼ ਪੱਤਰ ਦਾਖਲ ਕਰਨ ਵਾਲੇ ਪੁਲਿਸ ਅਧਿਕਾਰੀ ਬਾਰੇ ਮੁਗਾਲਤਾ ਪੈਦਾ ਕਰ ਦਿੰਦੇ ਹਨ ਅਤੇ ਇਹ ਗੈਰ-ਪੁਲਿਸ ਅਧਿਕਾਰੀਆਂ ਬਾਰੇ ਵੀ ਠੀਕ

ਹੈ ਜਿਨ੍ਹਾਂ ਨੇ ਕਿ ਪੜਤਾਲ ਤੋਂ ਬਾਅਦ ਸ਼ਿਕਾਇਤ ਦਾਇਰ ਕੀਤੀ ਹੈ। ਕੇਸ ਨਾਲ ਸਬੰਧਤ ਪੁਲਿਸ ਤੋਂ ਇਲਾਵਾ ਕਿਸੇ ਹੋਰ ਪੜਤਾਲੀਆ ਏਜੰਸੀ ਦੇ ਅਧਿਕਾਰੀਆਂ ਦੁਆਰਾ ਕਾਨੂੰਨ ਅਨੁਸਾਰ ਸਹੀ ਅਤੇ ਅਸਲ ਰਿਕਾਰਡ ਸਾਂਭਣ ਦੀ ਕਾਰਵਾਈ ਕਰਨ ਦੀ ਲੋੜ ਹੁੰਦੀ ਹੈ ਪਰੰਤੂ ਪੁਲਿਸ ਲਈ ਨਿਰਧਾਰਤ ਰਿਕਾਰਡ ਵਰਗਾ ਰਿਕਾਰਡ ਸੰਭਾਲਣ ਲਈ ਅਜਿਹੀ ਪੜਤਾਲੀਆ ਏਜੰਸੀ ਦੇ ਅਧਿਕਾਰੀ ਪਾਬੰਦ ਨਹੀਂ ਹੈਂ।

ਅਧਿਕਾਰੀ ਨੂੰ ਐਕਟ ਦੀ ਧਾਰਾ 35, 53 ਏ, 54 ਅਤੇ 66 ਵਿਚ ਦਿੱਤੇ ਗਏ ਉਪਬੰਧਾਂ ਨੂੰ ਮੁਦਈ ਧਿਰ ਦੇ ਹੱਕ ਵਿਚ ਪੂਰੀ ਤਰ੍ਹਾਂ ਇਸਤੇਮਾਲ ਕਰਨਾ ਚਾਹੀਦਾ ਹੈ ਅਤੇ ਕੇਸ ਵਿਚ ਬਹਿਸ ਦੌਰਾਨ ਵਿਭਾਗ ਦੇ ਵਕੀਲ ਨੂੰ ਇਹ ਉਪਬੰਧ ਲਾਗੂ ਕਰਨ ਬਾਰੇ ਵੀ ਦੱਸਣਾ ਚਾਹੀਦਾ ਹੈ। ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਨੂੰ ਵਿਭਾਗੀ ਵਕੀਲ ਦੀ ਰਾਇ ਨਾਲ ਸਮੇਂ ਤੇ ਗਵਾਹੀਆਂ ਕਰਵਾ ਕੇ ਅਤੇ ਸੁਣਵਾਈ ਲਈ ਲਗਾਤਾਰ ਇਕਠੀਆਂ ਤਰੀਕਾਂ ਲੈ ਕੇ ਅਤੇ ਬਿਨਾਂ ਕੇਸ ਮੁਲਤਵੀ ਕਰਵਾਏ, ਜਲਦੀ ਤੋਂ ਜਲਦੀ ਮੁਕਦਮੇ ਦਾ ਫ਼ੈਸਲਾ ਕਰਵਾਉਣਾ ਚਾਹੀਦਾ ਹੈ।

# ਅਧਿਆਇ - 22

## ਜ਼ਬਤ ਡ੍ਰੱਗਜ਼ ਤੇ ਸਮਾਨ ਦਾ ਨਿਪਟਾਰਾ (ਡਿਸਪੋਜ਼ਲ)

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਐਨ ਡੀ ਪੀ ਐਸ ਐਕਟ ਦੀ ਧਾਰਾ 52 ਏ ਦੇ ਅਧੀਨ ਮੁਕੱਦਮਾ ਚਲਾਉਣ ਤੋਂ ਪਹਿਲਾਂ ਦੇ ਉਪਬੰਧਾਂ ਬਾਰੇ ਜਾਣਦਾ ਹੈ। ਪਰ, ਆਮ ਤੌਰ ਤੇ ਜ਼ਬਤੀ ਤੇ ਗ੍ਰਿਫਤਾਰੀ ਤੋਂ ਬਾਅਦ ਅਗਲਾ ਕੰਮ ਮੁਕੱਦਮਾ ਸ਼ੁਰੂ ਕਰਨਾ ਜ਼ਬਤ ਕੀਤੀਆਂ ਗਈਆਂ ਵਸਤੂਆਂ ਨੂੰ ਅਤੇ ਮੁਲਜ਼ਮ ਨੂੰ ਅਦਾਲਤ ਦੁਆਰਾ ਨਿਆਂਇਕ ਪੜਤਾਲ ਵਾਸਤੇ ਪੇਸ਼ ਕਰਨਾ ਹੈ ਜੋ ਕਿ ਅਪਰਾਧ ਦਾ ਨਿਰਣੇ ਕਰਦੀ ਹੈ ਅਤੇ ਅਪਰਾਧ ਲਈ ਸਜ਼ਾ ਦਿੰਦੀ ਹੈ ਜੋ ਕਈ ਵਾਰੀ ਲੰਬੇ ਮੁਕੱਦਮੇ ਤੋਂ ਬਾਅਦ ਸੰਭਵ ਹੁੰਦਾ ਹੈ। ਮੁਕੱਦਮੇ ਦੇ ਅੰਤ ਤੇ ਅਦਾਲਤ ਨੁਕਤਿਆਂ ਦੇ ਅਧਾਰ 'ਤੇ ਫੈਸਲਾ ਕਰਦੀ ਹੈ ਕਿ ਕੀ ਮੁਲਜ਼ਮ ਵਿਅਕਤੀ ਦੋਸ਼ੀ ਹਨ ਅਤੇ ਕੀ ਇਤਰਾਜ਼ਯੋਗ ਜ਼ਬਤ ਕੀਤੀਆਂ ਗਈਆਂ ਵਸਤੂਆਂ ਨੂੰ ਐਨ ਡੀ ਪੀ ਐਸ ਦੀ ਧਾਰਾ 60 ਜਾਂ 61 ਜਾਂ 62 ਅਧੀਨ ਜ਼ਬਤ ਕੀਤਾ ਜਾ ਸਕਦਾ ਹੈ।

ਚਾਹੇ ਅਦਾਲਤ ਬਰੀ ਕਰਨ ਜਾਂ ਸਜ਼ਾ ਦੇਣ ਲਈ ਹੁਕਮ ਜਾਰੀ ਕਰੇ, ਅਦਾਲਤ ਵਸਤੂਆਂ ਦੇ ਜ਼ਬਤੀ ਸਬੰਧੀ ਐਨ ਡੀ ਪੀ ਐਸ ਦੀ ਧਾਰਾ 63 ਅਧੀਨ ਹੁਕਮ ਜਾਰੀ ਕਰਨ ਦਾ ਫੈਸਲਾ ਕਰਦੀ ਹੈ।

**ਵਸਤੂਆਂ ਦੇ ਦਾਅਵੇਦਾਰ ਜਾਂ ਮਾਲਕ ਦਾ ਪਤਾ ਨਾ ਹੋਣ ਬਾਰੇ :-** ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਕਈ ਵਾਰ ਨਾ ਦਾਅਵੇਦਾਰ ਵਾਲੇ ਕੇਸਾਂ ਨੂੰ ਫੜਦਾ ਹੈ ਜਿਥੇ ਕਿ ਐਨ ਡੀ, ਪੀ ਐਸ ਜਾਂ ਸੀ ਐਸ ਅਧੀਨ ਵਸਤੂਆਂ ਜ਼ਬਤ ਕੀਤੀਆਂ ਗਈਆਂ ਹਨ ਪ੍ਰੰਤੂ ਮੌਕੇ ਤੇ ਕੋਈ ਵੀ ਦਾਅਵੇਦਾਰ ਨਹੀਂ ਫੜਿਆ ਜਾਂਦਾ ਜਾਂ ਪੜਤਾਲ ਕਰਨ ਉਪਰੰਤ ਕੋਈ ਦਾਅਵੇਦਾਰ ਨਹੀਂ ਪਾਇਆ ਜਾਂਦਾ। ਅਜਿਹੇ ਕੇਸਾਂ ਵਿਚ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਜ਼ਬਤੀ ਕਰਨ ਦੇ ਇਕ ਮਹੀਨੇ ਬਾਅਦ ਅਦਾਲਤ ਵਿਚ ਕੇਸ ਦੇ ਵੇਰਵੇ ਦੱਸ ਕੇ ਦਰਖ਼ਾਸਤ ਦਿੰਦਾ ਹੈ ਅਤੇ ਮੁਲਜ਼ਮ ਦੀ ਸ਼ਨਾਖਤ ਕਰਨ ਦੇ ਯਤਨ ਜਾਰੀ ਹਨ ਅਤੇ ਤੱਥ ਇਹ ਕਿ ਅਜਿਹੇ ਵਿਅਕਤੀ ਦੀ ਪਛਾਣ ਨਹੀਂ ਹੋ ਸਕਦੀ ਅਤੇ

ਐਨ ਡੀ ਪੀ ਐਸ ਐਕਟ ਦੀ ਧਾਰਾ 63 ਅਧੀਨ ਅਜਿਹੀਆਂ ਵਸਤੂਆਂ ਦੀ ਜ਼ਬਤੀ ਲਈ ਬੇਨਤੀ ਕਰਦਾ ਹੈ।

**ਖਰਾਬ ਹੋਣ ਵਾਲੀਆਂ ਵਸਤੂਆਂ :-** ਜੇਕਰ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਐਨ ਡੀ, ਪੀ ਐਸ ਜਾਂ ਸੀ ਐਸ ਦੇ ਅਧੀਨ ਆਉਣ ਵਾਲੀ ਵਸਤੂ ਜਾਂ ਨਸ਼ੀਲੇ ਪੌਦੇ ਜਿਵੇਂ ਕਿ ਅਫੀਮ ਦੇ ਡੋਡੇ ਜਾਂ ਹਸ਼ੀਸ਼ ਦੇ ਪੌਦੇ ਤੋਂ ਇਲਾਵਾ ਕੋਈ ਵੀ ਖਰਾਬ ਹੋਣ ਵਾਲੀ ਵਸਤੂ ਜ਼ਬਤ ਕਰਦਾ ਹੈ ਤਾਂ ਉਸ ਦੁਆਰਾ ਇਨ੍ਹਾਂ ਦੇ ਜਲਦੀ ਤੋਂ ਜਲਦੀ ਨਿਪਟਾਰਾ ਕਰਨ ਜਾਂ ਵਿਕਰੀ ਲਈ ਅਦਾਲਤ ਦੇ ਹੁਕਮ ਪ੍ਰਾਪਤ ਕਰਨ ਲਈ ਅਰਜ਼ੀ ਪਾਈ ਜਾ ਸਕਦੀ ਹੈ। ਜੇਕਰ ਬਾਅਦ ਵਿਚ ਜ਼ਬਤ ਕੀਤੀਆਂ ਗਈਆਂ ਵਸਤੂਆਂ ਨੂੰ ਅਦਾਲਤ ਦੁਆਰਾ ਹੁਕਮਾਂ ਅਨੁਸਾਰ ਵਿਕਰੀ ਕਰ ਦਿੱਤਾ ਜਾਂਦਾ ਹੈ ਅਤੇ ਜੇਕਰ ਵਸਤੂਆਂ ਨੁਕਸਾਨਦਾਇਕ ਨਹੀਂ ਹਨ ਅਤੇ ਅਸਲ ਮਾਲਕ ਦੇ ਹਵਾਲੇ ਕਰਨ ਯੋਗ ਹਣ ਤਾਂ ਐਨ ਡੀ ਪੀ ਐਸ ਐਕਟ ਦੀ ਧਾਰਾ 63 (2) ਤਹਿਤ ਉਪਬੰਧ 2 ਦੇ ਅਨੁਸਾਰ ਮਾਲਕ ਨੂੰ ਇਨ੍ਹਾਂ ਦੇ ਵਸਤੂਆਂ ਦੇ ਬਦਲੇ ਵਿਕਰੀ ਦੀ ਰਕਮ ਦੇ ਦਿੱਤੀ ਜਾਵੇਗੀ।

ਐਨ ਡੀ ਪੀ ਐਸ ਐਕਟ ਦੀ ਧਾਰਾ 63 ਅਧੀਨ ਐਨ ਡੀ, ਪੀ ਐਸ ਜਾਂ ਸੀ ਐਸ ਜਾਂ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਲਈ ਅਦਾਲਤੀ ਹੁਕਮ ਤੋਂ ਬਾਅਦ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਡਰੱਗ ਡਿਸਪੋਜ਼ਲ ਕਮੇਟੀ ਨੂੰ ਇਸ ਬਾਰੇ ਵੇਰਵੇ ਦੇ ਦੇਵੇਗਾ ਅਤੇ ਇਨ੍ਹਾਂ ਵਸਤੂਆਂ ਦੇ ਨਿਪਟਾਰੇ ਲਈ ਪ੍ਰਕ੍ਰਿਆ ਅਰੰਭ ਕਰੇਗਾ।

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਦੁਆਰਾ ਇਸ ਤੋਂ ਬਾਅਦ ਉਹੋ ਹੀ ਕਾਰਵਾਈ ਕੀਤੀ ਜਾਂਦੀ ਹੈ ਜੋ ਕਿ ਆਧਿਆਇ 18 ਵਿਚ ਦਿੱਤੀਆਂ ਗਈਆਂ ਮੁਕੱਦਮੇ ਤੋਂ ਪਹਿਲਾਂ ਨਿਪਟਾਰਾ ਦੇ ਕੇਸ ਵਿਚ ਹੁੰਦੀ ਹੈ। ਇਹ ਨਸ਼ਟ ਹੋਣ ਵਾਲੇ ਪਦਾਰਥਾਂ ਦੇ ਜ਼ਬਤ ਕੀਤੇ ਸਟਾਕ ਤੇ ਵੀ ਲਾਗੂ ਹੁੰਦੀਆਂ ਹਨ।

# ਅਧਿਆਇ- 23

## ਨਿਯੰਤ੍ਰੀਤ ਪਦਾਰਥ ਅਤੇ ਨਿਯੰਤ੍ਰਣ

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਐਨ ਡੀ ਪੀ ਐਸ ਐਕਟ ਤਹਿਤ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਤੋਂ ਇਲਾਵਾ ਬੰਦਿਸ਼ (ਕੰਟਰੋਲ) ਵਾਲੇ ਪਦਾਰਥਾਂ ਤੇ ਵੀ ਆਪਣਾ ਨਿਯੰਤ੍ਰਣ ਰੱਖਦਾ ਹੈ। ਐਕਟ ਦੀ ਧਾਰਾ 2 ਵਿਚ ਬੰਦਿਸ਼ (ਕੰਟਰੋਲ) ਵਾਲੇ ਪਦਾਰਥਾਂ ਦੀ ਵਿਆਖਿਆ ਦਿੱਤੀ ਗਈ ਹੈ ਜਿਵੇਂ ਕਿ ਅਜਿਹੇ ਪਦਾਰਥ ਜਿਨ੍ਹਾਂ ਦੀ ਵਰਤੋਂ ਨਸ਼ੀਲੀਆਂ ਦਵਾਈਆਂ ਦੇ ਉਤਪਾਦਨ ਲਈ ਕੀਤੀ ਜਾ ਸਕਦੀ ਹੈ ਜਾਂ ਨਸ਼ੀਲੇ ਪਦਾਰਥਾਂ ਨੂੰ ਬਣਾਉਣ ਵਿਚ ਕੀਤੀ ਜਾ ਸਕਦੀ ਹੈ। ਜਿਨ੍ਹਾਂ ਨੂੰ ਸਰਕਾਰੀ ਗਜ਼ਟ ਵਿਚ ਅਧਿਸੂਚਿਤ ਕੀਤਾ ਗਿਆ ਹੈ। ਕਿਸੇ ਵੀ ਅੰਤਰਰਾਸ਼ਟਰੀ ਸੰਮੇਲਨ ਵਿਚ ਨਸ਼ੀਲੇ ਪਦਾਰਥਾਂ ਜਾਂ ਨਸ਼ੀਲੀਆਂ ਦਵਾਈਆਂ ਵਜੋਂ ਘੋਸ਼ਿਤ ਕੀਤਾ ਗਿਆ ਅਤੇ ਜਿਨ੍ਹਾਂ ਉਤੇ ਕਿ ਰੋਕ ਵਾਲੇ ਪਦਾਰਥਾਂ ਵਜੋਂ ਬੰਦਿਸ਼ ਲੱਗੀ ਹੋਈ ਹੈ।

**ਨਿਯੰਤ੍ਰਿਤ ਕਰਨ ਦੇ ਅਧਿਕਾਰ :-** ਐਕਟ ਦੀ ਧਾਰਾ 9 ਏ ਤਹਿਤ ਕੇਂਦਰੀ ਸਰਕਾਰ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਕਿਸੇ ਵੀ ਬੰਦਿਸ਼ (ਕੰਟਰੋਲ) ਵਾਲੇ ਪਦਾਰਥ ਤੇ ਰੋਕ ਉਤਪਾਦਨ ਨਿਯੰਤ੍ਰਣ ਜਾਂ ਆਪਣੇ ਕੋਲ ਰੱਖਣ ਲਈ ਜਾਂ ਇਕ ਥਾਂ ਤੋਂ ਦੂਸਰੀ ਥਾਂ ਲੈ ਜਾਣ ਲਈ, ਵਿਕਰੀ, ਖਰੀਦ, ਖਪਤ, ਸਟੋਰੇਜ, ਸਪਲਾਈ ਅਤੇ ਵੰਡ ਆਦਿ ਸਬੰਧੀ ਹੁਕਮ ਜਾਰੀ ਕਰੇ।

ਅਧਿਸੂਚਨਾ ਨੰ. ਐਸ ਓ 834 (ਈ) ਮਿਤੀ 26-3-2013 ਰਾਹੀਂ ਕੇਂਦਰ ਸਰਕਾਰ ਨੇ 14 ਹੋਰ ਪਦਾਰਥਾਂ ਨੂੰ ਬੰਦਿਸ਼ (ਕੰਟਰੋਲ) ਵਾਲੇ ਪਦਾਰਥਾਂ ਵਜੋਂ ਘੋਸ਼ਿਤ ਕੀਤਾ ਹੈ ਅਤੇ ਇਸ ਤੋਂ ਇਲਾਵਾ ਐਸੇਟਿਕ ਐਨਹਾਡਰਾਈਡ, ਐਂਥਰਾਲਿਕ ਐਸਿਡ, ਐਨ ਐਸਿਟਾਈਲੈਥਰਾਨਿਲਿਕ ਐਸਿਡ, ਏਫੜ੍ਰਿਨ ਅਤੇ ਸ਼ੂਡੋਏਫੇਡ੍ਰਿਨ ਵਰਗੇ ਪੰਜ ਪਦਾਰਥਾਂ ਨੂੰ ਪਹਿਲਾਂ ਹੀ ਅਧਿਸੂਚਿਤ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਐਨ ਡੀ ਪੀ ਐਸ (ਆਰ ਸੀ ਐਸ) ਹੁਕਮ 1993 ਨੂੰ ਰੱਦ ਕਰਕੇ ਆਪਣੀ ਅਧਿਸੂਚਨਾ ਨੰਬਰ ਜੀ.ਐਸ.ਆਰ 191 (ਈ)

ਮਿਤੀ 26-3-2013 ਰਾਹੀਂ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥ (ਬੰਦਿਸ਼ ਵਾਲੇ ਪਦਾਰਥ ਦੇ ਨਿਯੰਤ੍ਰਣ) ਵਜੋਂ ਜਾਣੇ ਜਾਂਦੇ ਪਦਾਰਥਾਂ ਬਾਰੇ ਇਕ ਹੁਕਮ ਦੀ ਸ਼ਕਲ ਵਿਚ ਬੰਦਿਸ਼ ਵਾਲੇ ਪਦਾਰਥਾਂ ਸਬੰਧੀ ਇਕ ਨਵਾਂ ਹੁਕਮ (ਵਿਧਾਨ) ਵੀ ਤਿਆਰ ਕੀਤਾ ਹੈ।

**ਅਨੁਸੂਚੀਆਂ :-** ਐਨ ਡੀ ਪੀ ਐਸ (ਆਰ ਸੀ ਐਸ) ਹੁਕਮ 2013 ਵਿਚ ਦਰਸਾਏ ਗਏ ਅਨੁਸਾਰ ਕੰਟ੍ਰੋਲ ਸਕੀਮ ਤਹਿਤ ਬੰਦਿਸ਼ ਵਾਲੇ ਪਦਾਰਥਾਂ ਦਾ ਤਿੰਨ ਸ਼੍ਰੇਣੀਆਂ ਵਿਚ ਵਰਗੀਕਰਣ ਕੀਤਾ ਗਿਆ ਹੈ ਅਨੁਸੂਚੀ ਏ, ਬੀ ਅਤੇ ਸੀ । ਅੰਤਿਕਾ ਵਿਚ ਇਨ੍ਹਾਂ ਪਦਾਰਥਾਂ ਦੀ ਸੂਚੀ ਦਿੱਤੀ ਗਈ ਹੈ। ਅਨੁਸੂਚੀ ਏ - ਅਜਿਹੇ ਪਦਾਰਥ ਨਿਯੰਤ੍ਰਤ ਪਦਾਰਥ ਹਨ ਜਿਨ੍ਹਾਂ ਤੇ ਇਸ ਹੁਕਮ ਵਿਚ ਦਰਸ਼ਾਏ ਅਨੁਸਾਰ ਉਤਪਾਦਨ, ਵੰਡ, ਵਿਕਰੀ, ਖਰੀਦ ਆਪਣੇ ਕੋਲ ਰੱਖਣ, ਸਟੋਰੇਜ ਅਤੇ ਖਪਤ ਤੇ ਬੰਦਿਸ਼ ਹੈ। ਅਨੁਸੂਚੀ - ਬੀ ਵਾਲੇ ਉਹ ਬੰਦਿਸ਼ ਵਾਲੇ ਪਦਾਰਥ ਹਨ ਜਿਨ੍ਹਾਂ ਦੀ ਭਾਰਤ ਤੋਂ ਨਿਰਯਾਤ ਤੇ ਪਾਬੰਦੀ ਹੈ ਅਤੇ ਅਨੁਸੂਚੀ-ਸੀ ਵਾਲੇ ਉਹ ਪਦਾਰਥ ਹਨ ਜਿਨ੍ਹਾਂ ਤੇ ਕਿ ਇਸ ਹੁਕਮ ਵਿਚ ਦਰਸਾਏ ਅਨੁਸਾਰ ਭਾਰਤ ਵਿੱਚ ਆਯਾਤ ਪਾਬੰਦੀ ਲੱਗੀ ਹੈ।

**ਰਜਿਸਟ੍ਰੇਸ਼ਨ :-** ਅਨੁਸੂਚੀ-ਏ ਤੇ ਬੰਦਸ਼ ਵਾਲੇ ਪਦਾਰਥਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ: ਇਸ ਹੁਕਮ ਦੇ 180 ਦਿਨਾਂ ਦੇ ਅੰਦਰ-ਅੰਦਰ ਉਨ੍ਹਾਂ ਉਤਪਾਦਨ, ਵਪਾਰ ਅਤੇ ਕਾਮਰਸ, ਆਪਣੇ ਕੋਲ ਰੱਖਣ ਲਈ ਅਤੇ ਖਪਤ ਕਰਨ ਲਈ ਉਨ੍ਹਾਂ ਦੀ ਰਜਿਸਟ੍ਰੇਸ਼ਨ ਕਰਾਉਣ ਦੀ ਲੋੜ ਹੈ। ਕੋਈ ਵੀ ਵਿਅਕਤੀ ਸਮੇਤ ਕਾਨੂੰਨੀ ਵਿਅਕਤੀ ਨੂੰ ਸਬੰਧਤ ਜ਼ੋਨਲ ਡਾਇਰੈਕਟਰ ਪਾਸੋਂ ਇਕ ਵਿਲੱਖਣ ਰਜਿਸਟ੍ਰੇਸ਼ਨ ਨੰਬਰ ਲੈਣ ਦੀ ਲੋੜ ਹੈ ਅਤੇ ਸੀ ਐਸ ਨਾਲ ਸਬੰਧਤ ਗਤੀਵਿਧੀਆਂ ਅਤੇ ਸਥਾਨ ਦੀ ਰਜਿਸਟ੍ਰੇਸ਼ਨ ਲਈ ਐਨ ਸੀ ਬੀ ਦੇ ਜ਼ੋਨਲ ਡਾਇਰੈਕਟਰ ਦੇ ਅਧਿਕਾਰ ਖੇਤਰ ਵਿਚ ਫਾਰਮ-ਬੀ ਵਿਚ ਅਰਜ਼ੀ ਦੇਣ ਦੀ ਲੋੜ ਹੈ।

**ਰਿਟਰਨਾਂ :-** ਸਾਲ 2013 ਦੇ ਉਕਤ ਹੁਕਮ ਦੇ ਉਪਬੰਧਾਂ ਤਹਿਤ ਫਾਰਮ ਸੀ ਜਾਂ ਡੀ ਵਿਚ ਰੋਜ਼ਾਨਾ ਲੇਖਾ ਰਜਿਸਟਰ ਵਿਚ ਦਰਜ ਕੀਤਾ ਜਾਣਾ ਚਾਹੀਦਾ ਹੈ। ਮਹੀਨੇ ਦੇ ਆਖਰੀ ਦਿਨ ਜ਼ੋਨਲ ਡਾਇਰੈਕਟਰ

ਐਨ ਸੀ ਬੀ ਕੋਲ ਫਾਰਮ-ਈ ਜਾਂ ਐਫ ਵਿਚ ਤਿਮਾਹੀ ਰਿਟਰਨਾਂ ਜ਼ਰੂਰ ਫਾਈਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਇਸ ਰਿਕਾਰਡ ਨੂੰ ਘੱਟੋ ਘੱਟ ਦੋ ਸਾਲ ਲਈ ਸਾਂਭਿਆ ਜਾਣਾ ਚਾਹੀਦਾ ਹੈ, ਬੰਦਿਸ਼ ਵਾਲੇ ਪਦਾਰਥਾਂ ਦੇ ਕਿਸੇ ਵੀ ਨੁਕਸਾਨ/ਘਾਟੇ ਜਾਂ ਗੁੰਮ ਹੋਣ ਦੇ ਮਾਮਲੇ ਬਾਰੇ ਸਬੰਧਤ ਜ਼ੋਨਲ ਡਾਇਰੈਕਟਰ ਐਨ ਸੀ ਬੀ ਕੋਲ ਤੁਰੰਤ ਰਿਪੋਟ ਕਰਨੀ ਚਾਹੀਦੀ ਹੈ।

**ਢੋਅ-ਢੁਆਈ (ਟ੍ਰਾਂਸਪੋਰਟੇਸ਼ਨ) :** -ਇਨ੍ਹਾਂ ਪਦਾਰਥਾਂ ਦੇ ਗੈਰ ਕਾਨੂੰਨੀ ਮੰਤਵਾਂ ਦੀ ਵਰਤੋਂ ਕਰਨ ਲਈ ਢੋਅ-ਢੁਆਈ (ਟ੍ਰਾਂਸਪੋਰਟੇਸ਼ਨ) ਇਕ ਬਹੁਤ ਹੀ ਨੁਕਸਾਨ ਪਹੁੰਚਾਉਣ ਵਾਲਾ ਗੰਭੀਰ ਖੇਤਰ ਹੈ। ਅਨੁਸੂਚੀ ਏ ਵਾਲੇ ਪਦਾਰਥਾਂ ਦੀ ਟ੍ਰਾਂਸਪੋਰਟੇਸ਼ਨ ਤੇ ਪਾਬੰਦੀ ਮਾਪਦੰਡਾਂ ਵਿਚ ਫਾਰਮ ਜੀ (ਦੇਸੀ ਵਸਤੂਆਂ ਦੇ ਮਾਮਲੇ ਵਿਚ) ਜਾਂ ਐਂਟਰੀ ਬਿਲ (ਵਿਦੇਸ਼ੀ ਵਸਤੂਆਂ ਦੇ ਮਾਮਲੇ ਵਿਚ) ਕੋਈ ਵੀ ਮਾਲ ਭੇਜਣ ਦੌਰਾਨ ਸੰਖੇਪ ਨੋਟ ਦਾ ਲਾਜ਼ਮੀ ਹੋਣਾ ਵੀ ਸ਼ਾਮਲ ਹਨ, ਮੋਟਰ ਵਾਹਣ ਦੁਆਰਾ ਮਾਲ ਦੀ ਢੋਅ ਢੁਆਈ ਸਮੇਂ ਸ਼ਨਾਖਤੀ ਵੇਰਵਿਆਂ ਸਮੇਤ ਬਿਨਾ ਕਿਸੇ ਛੇੜ ਛਾੜ ਦੇ ਮੋਹਰਾਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਅਨੁਸੂਚੀ-ਏ ਵਾਲੇ ਪਦਾਰਥਾਂ ਦੀ ਵਿਕਰੀ ਕੇਵਲ ਰਜਿਸਟ੍ਰੇਸ਼ਨ ਵਾਲੇ ਵਿਅਕਤੀ ਨੂੰ ਹੀ ਕੀਤੀ ਜਾਵੇਗੀ। ਜੇਕਰ ਮਾਲ ਪਹੁੰਚ ਵਾਲਾ ਸਥਾਨ ਕਿਸੇ ਹੋਰਵੇਂ ਜ਼ੋਨਲ ਡਾਇਰੈਕਟਰ, ਐਨ ਸੀ ਬੀ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਹੈ, ਤਾਂ ਮਾਲ ਭੇਜਣ ਵਾਲਾ ਵਿਅਕਤੀ ਫਾਰਮ-ਐਚ ਵਿਚ ਉਸ ਜ਼ੋਨਲ ਡਾਇਰੈਕਟਰ ਨੂੰ ਤਿਮਾਹੀ ਰਿਪੋਟ ਭੇਜੇਗਾ।

**ਨਸ਼ਟ ਕਰਨਾ :**-ਜੇਕਰ ਕੋਈ ਵੀ ਵਿਅਕਤੀ ਅਨੁਸੂਚੀ-ਏ ਵਾਲੇ ਪਦਾਰਥਾਂ ਨੂੰ ਨਸ਼ਟ ਕਰਨਾ ਚਾਹੁੰਦਾ ਹੈ ਤਾਂ ਇਸ ਬਾਰੇ ਸਬੰਧਤ ਜ਼ੋਨਲ ਡਾਇਰੈਕਟਰ ਕੋਲ ਫਾਰਮ-1 ਵਿਚ ਅਰਜ਼ੀ ਦਿੱਤੀ ਜਾਵੇਗੀ। ਜ਼ੋਨਲ ਡਾਇਰੈਕਟਰ ਇਕ ਕਮੇਟੀ ਦੀ ਨਿਯੁਕਤੀ 30 ਦਿਨਾਂ ਦੇ ਅੰਦਰ-

ਅੰਦਰ ਕਰੇਗਾ ਜਿਸ ਵਿਚ ਐਨ ਸੀ ਬੀ ਦਾ ਇਕ ਗਜ਼ਟਿਡ ਅਧਿਕਾਰੀ, ਸਬੰਧਤ ਰੇਂਜ ਦਾ ਸੈਂਟਰਲ ਐਕਸਾਈਜ਼ ਸੁਪਰਡੰਟ ਅਤੇ ਬਿਨੈਕਾਰ ਵੱਲੋਂ ਮਨੋਨੀਤ ਇਕ ਨੁਮਾਇੰਦਾ ਹੋਵੇਗਾ। ਇਹ ਕਮੇਟੀ ਆਪਣੀ ਨਿਯੁਕਤੀ ਦੇ 30 ਦਿਨਾਂ ਦੇ ਅੰਦਰ-ਅੰਦਰ ਵਸਤਾਂ ਦੇ ਨਸ਼ਟ ਕਰਨ ਬਾਰੇ ਨਿਰੀਖਣ ਕਰੇਗੀ।

**ਆਯਾਤ ਅਤੇ ਨਿਰਯਾਤ ਕੰਟ੍ਰੋਲ** :-ਅਨੁਸੂਚੀ-ਬੀ ਦੇ ਬੰਦਿਸ਼ ਵਾਲੇ ਪਦਾਰਥਾਂ ਦਾ ਨਿਰਯਾਤ ਅਤੇ ਅਨੁਸੂਚੀ-ਸੀ ਦੇ ਬੰਦਿਸ਼ ਵਾਲੇ ਪਦਾਰਥਾਂ ਦਾ ਆਯਾਤ ਕਰਨ ਲਈ ਨਾਰਕੋਟਿਕਸ ਕਮਿਸ਼ਨਰ, ਭਾਰਤ ਸਰਕਾਰ ਪਾਸੋਂ ਨਾ ਇਤਰਾਜ਼ ਸਰਟੀਫਿਕੇਟ ਲੈਣ ਦੀ ਲੋੜ ਹੈ। ਨਾ ਇਤਰਾਜ਼ ਸਰਟੀਫਿਕੇਟ ਕੇਵਲ ਇਕੋ ਖੇਪ ਇਕੋ ਵਾਰ ਮਾਲ ਭੇਜਣ ਲਈ ਵੈਧ ਹੁੰਦਾ ਹੈ। ਬਿਨੈਕਾਰ ਨਾ ਇਤਰਾਜ ਯੋਗ ਸਰਟੀਫਿਕੇਟ ਲਈ (ਆਯਾਤ ਲਈ ਫਾਰਮ 'ਕੇ') ਅਤੇ (ਨਿਰਯਾਤ ਲਈ ਫਾਰਮ 'ਜੇ') ਵਿੱਚ ਨਾਰਕੋਟਿਕਸ ਕਮਿਸ਼ਨਰ ਕੋਲ ਬਿਨੈ ਪੱਤਰ ਦੇਵੇਗਾ। ਆਯਾਤ/ਨਿਰਯਾਤ ਵਾਲੀਆਂ ਵਸਤੂਆਂ ਭੇਜਣ ਬਾਰੇ ਉਨ੍ਹਾਂ ਦਾ ਨਾਮ ਅਤੇ ਮਾਤਰਾ ਬਾਰੇ ਪੂਰਾ ਵੇਰਵਾ ਦਿੱਤਾ ਜਾਵੇਗਾ, ਮਾਲ ਮੰਗਵਾਉਣ ਵਾਲੇ ਦਾ ਨਾਮ ਅਤੇ ਪਤਾ ਅਤੇ ਮਾਲ ਭੇਜਣ ਵਾਲੇ ਦਾ ਨਾਮ ਅਤੇ ਪਤਾ ਅਤੇ ਮਾਲ ਦੇ ਆਯਾਤ ਅਤੇ ਨਿਰਯਾਤ ਸਬੰਧੀ ਸਾਰੇ ਦਸਤਾਵੇਜ਼ ਸੱਤ ਦਿਨਾਂ ਦੇ ਅੰਦਰ-ਅੰਦਰ ਨਾਰਕੋਟਿਕਸ ਕਮਿਸ਼ਨਰ ਕੋਲ ਭੇਜੇ ਜਾਣਗੇ। ਆਯਾਤ/ਨਿਰਯਾਤ ਕਰਨ ਵਾਲਾ ਵਿਅਕਤੀ ਇਨ੍ਹਾਂ ਦਸਤਾਵੇਜ਼ਾਂ ਨੂੰ ਪੰਜ ਸਾਲਾਂ ਦੇ ਸਮੇਂ ਲਈ ਆਪਣੇ ਕੋਲ ਸਾਂਭ ਕੇ ਰੱਖੇਗਾ।

**ਅਪਰਾਧ ਅਤੇ ਸਜ਼ਾ** :- ਐਨ ਡੀ ਪੀ ਐਸ ਐਕਟ ਦੀ ਧਾਰਾ 25-ਏ ਦੇ ਤਹਿਤ 10 ਸਾਲ ਤੱਕ ਦੀ ਕੜੀ ਸਜ਼ਾ ਦਾ ਉਪਬੰਧ ਹੈ ਅਤੇ ਹੁਕਮ ਦੇ ਉਪਬੰਧਾਂ ਦੀ ਉਲੰਘਣਾ ਕਰਨ ਲਈ 1 ਲੱਖ ਰੁਪਏ ਤੱਕ ਦੇ ਜ਼ੁਰਮਾਨੇ ਦਾ ਵੀ ਉਪਬੰਧ ਕੀਤਾ ਗਿਆ ਹੈ।

ਐਕਟ ਦੀ ਧਾਰਾ 26 ਤਹਿਤ ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ, ਕਿਸੇ ਵੀ ਬਿਨੈਕਾਰ ਜਾਂ ਉਸ ਅਧੀਨ ਨੌਕਰੀ ਕਰ ਰਿਹਾ ਵਿਅਕਤੀ, ਜੋ ਕਿ ਲੇਖੇ ਤਿਆਰ ਕਰਨ ਜਾਂ ਐਕਟ ਦੇ ਉਪਬੰਧ ਅਨੁਸਾਰ

ਰਿਟਰਨ ਪੇਸ਼ ਕਰਨ ਵਿਚ ਜਾਂ ਕਿਸੇ ਵੀ ਲੇਖੇ ਸੰਭਾਲਣ ਵਿਚ ਅਸਫਲ ਰਹਿੰਦਾ ਹੈ ਜਾਂ ਅਜਿਹਾ ਵੇਰਵਾ ਦਿੰਦਾ ਹੈ ਜਿਸ ਬਾਰੇ ਉਹ ਜਾਣਦਾ ਹੈ ਕਿ ਝੂਠਾ ਹੈ ਜਾਂ ਅਥਰਾਈਜੇਸ਼ਨ ਜਾਂ ਲਸੰਸ, ਪਰਮਿਟ ਦੀਆਂ ਸ਼ਰਤਾਂ ਦਾ ਜਾਣ ਬੁੱਝ ਕੇ ਉਲੰਘਣ ਕਰਦਾ ਹੈ, ਦੇ ਵਿਰੁੱਧ ਕਾਰਵਾਈ ਕਰ ਸਕਦਾ ਹੈ। ਐਕਟ ਦੀ ਧਾਰਾ 26 ਤਹਿਤ ਅਪਰਾਧਾਂ ਲਈ ਤਿੰਨ ਸਾਲ ਦੀ ਜੇਲ੍ਹ ਜਾਂ ਜ਼ੁਰਮਾਨਾ ਜਾਂ ਦੋਵੇਂ ਹੀ ਹੋਣ ਦਾ ਉਪਬੰਧ ਦਿੱਤਾ ਗਿਆ ਹੈ।

ਡਰੱਗ ਲਾੱਅ ਇਨਫੋਰਸਮੈਂਟ ਅਧਿਕਾਰੀ ਮੌਜੂਦਾ ਨਸ਼ੀਲੀਆਂ ਦਵਾਈਆਂ ਦੀ ਤਸ਼ਕਰੀ ਦੇ ਰੁਝਾਨ ਬਾਰੇ ਅਤੇ ਗੈਰ ਕਾਨੂੰਨੀ ਰਸਾਇਣਾਂ ਦੀ ਤਸਕਰੀ ਬਾਰੇ ਜਿਸ ਵਿਚ ਐਨ ਡੀ ਅਤੇ ਪੀ ਐਸ ਦੀ ਗੈਰ ਕਾਨੂੰਨੀ ਢੰਗ ਨਾਲ ਉਤਪਾਦਨ ਬਾਰੇ ਵੀ ਸ਼ਾਮਲ ਹੈ, ਤੇ ਵੀ ਉਸ ਨੂੰ ਨਜ਼ਰ ਰੱਖਣੀ ਚਾਹੀਦੀ ਹੈ।

ਐਮਫੇਟਾਮਿਨ ਪ੍ਰਕਾਰ ਦੇ ਉਤੇਜਕ ਪਦਾਰਥਾਂ (ਏ ਟੀ ਐਸ) ਦੇ ਗਲਤ ਢੰਗ ਨਾਲ ਇਸਤੇਮਾਲ ਕੀਤੇ ਜਾਣ ਵਿਚ ਵਾਧਾ ਹੋਇਆ ਹੈ ਅਤੇ ਐਫਡਰੀਨ ਅਤੇ ਸ਼ੂਡੋਏਫੇਡ੍ਰਿਨ ਖਾਰਾਂ ਦੀ ਦੁਰਵਰਤੋਂ ਅਤੇ ਐਫੇਟਾਮਿਨ ਜਾਂ ਮੈਥਾਮਫੇਟਾਮਿਨ ਅਤੇ ਹੋਰਨਾਂ ਏ ਟੀ ਐਸ ਦੇ ਗੈਰ ਕਾਨੂੰਨੀ ਢੰਗ ਨਾਲ ਉਤਪਾਦਨ ਕਰਨ ਵਿਚ ਵਾਧਾ ਹੋਇਆ ਹੈ।

# ਅਧਿਆਇ-24
## ਮੁਖਬਰਾਂ ਅਤੇ ਅਧਿਕਾਰੀਆਂ ਨੂੰ ਪੁਰਸਕਾਰ

ਐਨ ਡੀ ਪੀ ਐਸ ਐਕਟ 1985 ਦਾ ਪ੍ਰਬੰਧ ਰੈਵਿਨਿਊ ਵਿਭਾਗ, ਵਿੱਤ ਮੰਤ੍ਰਾਲਿਆ, ਭਾਰਤ ਸਰਕਾਰ ਦੇ ਅਧੀਨ ਆਉਂਦਾ ਹੈ। ਵਿਭਾਗ ਕੋਲ ਪੁਰਸਕਾਰ ਨੀਤੀ ਹੈ ਜੋ ਕਿ ਐਨ ਡੀ ਪੀ ਐਸ ਐਕਟ, ਕਸਟਮਜ਼ ਐਕਟ ਅਤੇ ਸੈਂਟਰਲ ਐਕਸਾਈਜ਼ ਐਕਟ ਨੂੰ ਕਵਰ ਕਰਦੀ ਹੈ। ਮੌਜੂਦਾ ਪੁਰਸਕਾਰ ਨੀਤੀ 1985 ਤੋਂ ਹੀ ਲਾਗੂ ਹੈ ਅਤੇ ਜਿਸ ਵਿਚ ਸਮੇਂ ਸਮੇਂ ਤੇ ਸੰਸ਼ੋਧਨ ਕੀਤਾ ਜਾਂਦਾ ਰਿਹਾ ਹੈ। ਇਸ ਨੀਤੀ ਦੇ ਤਹਿਤ ਸਰਕਾਰੀ ਨੌਕਰੀ ਪੇਸ਼ਾ ਵਿਅਕਤੀਆਂ ਅਤੇ ਮੁਖਬਰਾਂ ਨੂੰ ਪੁਰਸਕਾਰ ਦਿੱਤਾ ਜਾਂਦਾ ਹੈ।

**ਕਸੌਟੀ** :-ਪੁਰਸਕਾਰ ਨੂੰ ਅਧਿਕਾਰ ਵਜੋਂ ਨਹੀਂ ਲਿਆ ਜਾ ਸਕਦਾ। ਸਮਰੱਥ ਅਥਾਰਟੀ, ਸੂਚਨਾ ਦੇ ਸਹੀ ਹੋਣ ਬਾਰੇ, ਵਿਸ਼ੇਸ਼ਤਾ ਬਾਰੇ ਅਤੇ ਲਏ ਗਏ ਜ਼ੋਖਮ ਅਤੇ ਮੁਸੀਬਤ ਬਾਰੇ ਆਪਣੇ ਧਿਆਨ ਵਿਚ ਰੱਖਦੀ ਹੈ ਅਤੇ ਮੁਖਬਰ ਦੁਆਰਾ ਕੀਤੀ ਗਈ ਸਹਾਇਤਾ ਦੀ ਸੀਮਾ ਹੱਦ, ਸਹਿਯੋਗੀਆਂ ਦੁਆਰਾ ਉਪਲੱਬਧ ਕਰਵਾਏ ਗਏ ਸੁਰਾਗ। ਸੰਪਤੀਆਂ, ਸਰਕਾਰੀ ਕਰਮਚਾਰੀਆਂ ਦੇ ਜ਼ੋਖਮ ਉਠਾਉਣ ਬਾਰੇ, ਸੂਚਨਾ ਅਤੇ ਪੜਤਾਲ ਪ੍ਰਾਪਤ ਕਰਨ ਲਈ ਮੁਸ਼ਕਲਾਂ ਅਤੇ ਪੁੱਟੇ ਗਏ ਵਿਸ਼ੇਸ਼ ਕਦਮ ਅਤੇ ਅਧਿਕਾਰੀਆਂ ਦੁਆਰਾ ਦਿਖਾਈ ਗਈ ਬਹਾਦਰੀ ਆਦਿ ਬਾਰੇ ਧਿਆਨ ਰੱਖਿਆ ਜਾਂਦਾ ਹੈ।

**ਸਵਾਪਕ ਔਸ਼ਧੀ ਅਤੇ ਮਨੁਪ੍ਰਭਾਵੀ** : ਪਦਾਰਥ (ਐਨ.ਡੀ.ਪੀ.ਐਸ. ਅਧਨਿਯਮ 1985 ਦੇ ਪ੍ਰਾਵਾਧਨਾ ਦੇ ਅੰਤਰਗੰਤ ਜਬਤ ਨਸ਼ੀਨੇ ਪਦਾਰਥਾ ਦੇ ਸੰਦਰਭ ਵਿੱਚ ਪੁਰਸਕਾਰਾ ਦੀ ਦਰ)

| ਲੜੀ ਨੰ | ਪਦਾਰਥ | ਵੱਧ ਤੋ ਵੱਧ ਪੁਰਸਕਾਰ ਦੀ ਵਾਸਤਵਿਕ ਦਰ (ਰੁਪਏ ਪ੍ਰਤੀ ਕਿਲੋਗ੍ਰਾਮ) | ਨਿਰਧਾਰਿਤ ਸ਼ੁਧਤਾ |
|---|---|---|---|
| 1. | ਅਫੀਮ | 6,000/-(ਵਰਤਮਾਨ ਮੁੱਲ ਦਾ 20%) | ਮਾਨਕ ਅਫੀਮ |
| 2. | ਅਫੀਮ ਤੋ ਤਿਆਰ ਕੀਤੇ ਗਏ ਪਦਾਰਥ | 20,000/-(ਵਰਤਮਾਨ ਮੁੱਲ ਦਾ 20%) | 90% ਜਾਂ ਜਿਆਦਾ |
| 3. | ਹੈਰੋਈਨ ਤੋ ਤਿਆਰ ਕੀਤੇ ਗਏ ਪਦਾਰਥ | 1,20,000/- (ਵਰਤਮਾਨ ਮੁੱਲ ਦਾ 20%) | ਡਾਇਸਟਾਈਲ ਮੋਰਫੀਨ ਦਾ 90% ਜਾਂ ਉਸ ਤੋ ਜਿਆਦਾ |
| 4. | ਕੋਕੀਨ ਅਤੇ ਕੋਕੀਨ ਤੋ ਤਿਆਰ ਕੀਤੇ ਗਏ ਪਦਾਰਥ | 2,40,000/- (ਵਰਤਮਾਨ ਮੁੱਲ ਦਾ 20%) | ਨਿਰਜਲ ਕੋਕੀਨ ਦਾ 90% ਜਾਂ ਉਸ ਤੋ ਜਿਆਦਾ |
| 5. | ਹਸ਼ੀਸ਼ | 20,000/- (ਵਰਤਮਾਨ ਮੁੱਲ ਦਾ 20%) | 4% ਜਾਂ ਜਿਆਦਾ ਟੀ. ਐਚ. ਸੀ ਅੰਸ਼ ਦੇ ਨਾਲ |
| 6. | ਹਸ਼ੀਸ਼ ਤੇਲ | 10,000/-(ਵਰਤਮਾਨ ਮੁੱਲ ਦਾ 20%) | 20% ਜਾਂ ਜਿਆਦਾ ਟੀ. ਐਚ. ਸੀ ਅੰਸ਼ ਦੇ ਨਾਲ |
| 7. | ਗਾਂਜਾ | 600/-(ਵਰਤਮਾਨ ਮੁੱਲ ਦਾ 20%) | ਜਿਸ ਨੂੰ ਵਾਣਜਿਕ ਰੂਪ ਤੋਂ ਗਾਜਾ ਦੇ ਰੂਪ ਵਿੱਚ ਸਵੀਕਾਰਿਆ ਗਿਆ ਹੈ |
| 8. | ਮੈਡ੍ਰੇਕਸ ਟੈਬਲੇਟ | 20,000/-(ਵਰਤਮਾਨ ਮੁੱਲ ਦਾ 20%) | ਮੈਥਾਕਵਾਲੋਨ ਦੀ ਮੋਜੂਦਗੀ |

| | | | |
|---|---|---|---|
| 9. | ਐਮਫਿਟਾਮਿਨ ਅਤੇ ਇਸ ਤੋ ਤਿਆਰ ਕੀਤੇ ਗਏ ਪਦਾਰਥ | 20,000/-(ਵਰਤਮਾਨ ਮੁੱਲ ਦਾ 10%) | 100% ਸ਼ੁੱਧ ਏ.ਟੀ.ਐਸ ਜਿਸ ਵਿੱਚ ਸ਼ੁਧਤਾ ਨਿਰਧਾਰਿਤ. ਸਤਰ ਤੋ ਘੱਟ ਹੋਣ ਤੇ ਸਮਾਨ ਅਨੁਪਾਤ ਵਿੱਚ ਰਾਸ਼ੀ ਘੱਟ ਹੋ ਸਕਦੀ ਹੈ |
| 10. | ਮੈਥਐਮਫਿਟਾਮਿਨ ਅਤੇ ਇਸ ਤੋ ਤਿਆਰ ਕੀਤੇ ਗਏ ਪਦਾਰਥ | 20,000/-(ਵਰਤਮਾਨ ਮੁੱਲ ਦਾ 10%) | |
| 11. | ਐਕਸਟੇਸੀ ਜਾਂ 3.4 ਮੈਥਲੀਨ ਡਾਇਆਕਸੀ ਮੈਥਐਮਫਿਟਾਮਿਨ (ਐਮ.ਡੀ.ਐਮ.ਏ) | 15,000/1,000 ਟੈਬਲੇਟ (ਵਰਤਮਾਨ ਮੁੱਲ ਦਾ 10%) | ਐਮ.ਡੀ.ਐਮ.ਏ ਦੀ ਮੋਜੂਦਗੀ |

ਨੋਟ:- ਉਕਤ ਸ਼ੁਧਤਾ ਦੇ ਅਨੁਸਾਰ ਨਾ ਹੋਣ ਤੇ ਪੁਰਸਕਾਰ ਨੂੰ ਸਮਾਨ ਅਨੁਪਾਤ ਵਿੱਚ ਘਟਾਇਆ ਜਾਵੇਗਾ ।

**ਸਵਾਪਕ ਔਸ਼ਧੀ ਅਤੇ ਮਨੁਪ੍ਰਭਾਵੀ ਪਦਾਰਥ** (ਐਨ.ਡੀ.ਪੀ.ਐਸ. ਅਧਨਿਯਮ 1985 ਦੇ ਪ੍ਰਾਵਾਧਨਾ ਦੇ ਅੰਤਰਗੰਤ ਜਬਤ ਨਸ਼ੀਲੇ ਪਦਾਰਥਾ ਦੇ ਸੰਦਰਭ ਵਿੱਚ ਪੁਰਸਕਾਰਾ ਦੀ ਦਰ)

| ਲੜੀ ਨੰ: | ਪਦਾਰਥ (ਨਿਯੰਤਰਿਤ ਮਨ ਪ੍ਰਭਾਵੀ ਪਦਾਰਥ/ ਸਿਥੇਟਿਕ ਡਰੱਗ) | ਵੱਧ ਤੋਂ ਵੱਧ ਪੁਰਸਕਾਰ ਦੀ ਰਾਸ਼ੀ | ਨਿਰਧਾਰਿਤ ਸ਼ੁਧਤਾ |
|---|---|---|---|
| 1. | ਇਫੇਡਰੀਨ, ਉਸ ਦੇ ਪਦਾਰਥ ਅਤੇ ਤੱਤ ਸਬੰਧੀ ਪਦਾਰਥ | 280/- ਪ੍ਰਤੀ ਕਿਲੋ | 100% |
| 2. | ਸਿਉਡੋ ਇੰਫੇਡਰਾਇਨ ਅਤੇ ਉਸ ਤੋ ਤਿਆਰ ਪਦਾਰਥ | 480/- ਪ੍ਰਤੀ ਕਿਲ | 100% |

| | | | |
|---|---|---|---|
| 3. | ਐਸਟਿਕ ਐਨਹਾਈਡਰੇਟ | 10/- ਪ੍ਰਤੀ ਲੀਟਰ | 100 % |
| 4. | ਕੇਟਾਮਾਈਨ ਅਤੇ ਉਸ ਤੋਂ ਤਿਆਰ ਪਦਾਰਥ | 700/- ਪ੍ਰਤੀ ਕਿਲੋ | 100 % |
| 5. | ਐਥਰਾਨਿਲਿਕ ਐਸਿਡ | 45/- ਪ੍ਰਤੀ ਕਿਲੋ | 100 % |
| 6. | ਐਨ-ਅਸਿਟਿਲ ਐਥਰਾਨਿਲਿਕ ਐਸਿਡ | 80/- ਪ੍ਰਤੀ ਕਿਲੋ | 100 % |
| 7. | ਡਾਇਆਜੇਪਾਮ ਅਤੇ ਇਸ ਤੋਂ ਤਿਆਰ ਪਦਾਰਥ | 0.53 ਰੁਪਏ ਪ੍ਰਤੀ ਐਮ.ਜੀ.ਟੇਬਲੇਟ | 100 % |
| 8. | ਅਲਪਰਾਜੋਲਮ ਅਤੇ ਉਸਦੇ ਪਦਾਰਥ | 5 ਐਮ.ਜੀ ਦਾ ਇੱਕ ਟੇਬਲੇਟ 0.20 ਰੁਪਏ | 100 % |
| 9. | ਲੋਰੀਜੇਪਾਮ ਅਤੇ ਉਸ ਤੋਂ ਤਿਆਰ ਪਦਾਰਥ | 0.296 ਰੁਪਏ ਪ੍ਰਤੀ 5 ਐਮ.ਜੀ.ਟੇਬਲੇਟਾਂ | 100 % |
| 10. | ਐਲਪ੍ਰੈਕਸ ਅਤੇ ਉਸ ਤੋਂ ਤਿਆਰ ਪਦਾਰਥ | 0.52 ਰੁਪਏ ਪ੍ਰਤੀ 5 ਐਮ.ਜੀ.ਟੇਬਲੇਟ | 100 % |
| 11. | ਬਿਊਪ੍ਰੀਨਾਰਫੀਨ ਟੀਡੀਜੇਸਿਕ ਅਤੇ ਉਸ ਤੋਂ ਤਿਆਰ ਪਦਾਰਥ | 25,000 ਰੁਪਏ ਪ੍ਰਤੀ ਕਿਲੋ | 100 %. |
| 12. | ਡੈਕਸਟੋਪ੍ਰੋਫਾਕਸੀਫਿਨ ਅਤੇ ਉਸ ਤੋਂ ਤਿਆਰ ਪਦਾਰਥ | 2,880 ਰੁਪਏ ਪ੍ਰਤੀ ਕਿਲੋ | 100 % |
| 13. | ਫੋਰਟਵਿਨ ਅਤੇ ਉਸ ਤੋਂ ਤਿਆਰ ਪਦਾਰਥ | 1,044 ਰੁਪਏ ਪ੍ਰਤੀ 30 ਐਮ.ਜੀ.ਵਾਇਲ | 100 % |

**ਨੋਟ:-** ਉਕਤ ਦੇ ਅਨੁਸਾਰ ਨਿਰਧਾਰਿਤ ਸ਼ੁਧਤਾ ਘੱਟ ਹੋਣ ਤੇ ਉਸੀ ਅਨੁਪਾਤ ਵਿੱਚ ਪੁਰਸਕਾਰ ਘੱਟ ਹੋ ਜਾਵੇਗਾ ।

**ਪ੍ਰਵਾਨਗੀ ਦੇਣ ਵਾਲਾ ਅਧਿਕਾਰੀ** : ਵਿਭਾਗ ਦਾ ਪ੍ਰਧਾਨ ਇਸ ਮਾਮਲੇ ਵਿੱਚ ਸੂਚਨਾ ਮਿਲਣ 'ਤੇ ਸੂਚਨਾ ਦੇਣ ਵਾਲੇ ਵਿਅਕਤੀ (ਇਨਫਾਰਮਰ) ਨੂੰ 10 ਲੱਖ ਰੁਪਏ ਤੱਕ ਅਤੇ ਹਰ ਸਰਕਾਰੀ ਕਰਮਚਾਰੀ ਨੂੰ 15,000/- ਰੁਪਏ ਦੇ ਪੁਰਸਕਾਰ ਦੀ ਪ੍ਰਵਾਨਗੀ ਦੇ ਸਕਦਾ ਹੈ। ਪੁਰਸਕਾਰ ਦੀ ਇਸ ਰਕਮ ਤੋਂ ਵੱਧ ਰਕਮ ਦਾ ਪੁੱਰਸਕਾਰ ਦੇਣ ਦਾ ਫੈਸਲਾ ਪੁਰਸਕਾਰ ਕਮੇਟੀ (ਰਿਵਾਰਡ ਕਮੇਟੀ) ਵੱਲੋਂ ਲਿਆ ਜਾਵੇਗਾ।

ਐਨ.ਡੀ.ਪੀ.ਐਸ. ਮਾਮਲਿਆਂ ਵਿੱਚ ਅਦਾਲਤ ਵਿੱਚ ਸ਼ਿਕਾਇਤ ਦਰਜ ਕੀਤੇ ਜਾਣ ਤੋਂ ਤੁਰੰਤ ਬਾਅਦ ਸੂਚਨਾ ਦੇਣ ਵਾਲੇ ਵਿਅਕਤੀਆਂ ਅਤੇ ਅਧਿਕਾਰੀਆਂ ਨੂੰ ਅਜਿਹੇ ਪੁਰਸਕਾਰ ਦੀ ਅਦਾਇਗੀ ਇੱਕ ਵਾਰ ਕੀਤੀ ਜਾਣ ਵਾਲੀ ਅਦਾਇਗੀ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ। ਅਧਿਕਾਰੀਆਂ ਨੂੰ ਪੁਰਸਕਾਰ ਦੇ ਯੋਗ ਉਮੀਦਵਾਰ ਬਣਨ ਲਈ ਵਿੱਤੀ ਜਾਂਚ ਪੂਰੀ ਕਰ ਲਈ ਜਾਣੀ ਚਾਹੀਦੀ ਹੈ।

**ਉੱਚਤਮ ਸੀਮਾ** : ਆਮ ਤੌਰ 'ਤੇ ਇਕ ਮਾਮਲੇ ਵਿੱਚ ਇਕ ਅਧਿਕਾਰੀ ਨੂੰ ਦੋ ਲੱਖ ਰੁਪਏ ਦਾ ਇਨਾਮ ਦੇਣ ਦੀ ਪ੍ਰਵਾਨਗੀ ਹੈ। ਪਰੰਤੂ ਵਿਸ਼ੇਸ਼ ਮਾਮਲਿਆਂ ਵਿੱਚ ਸੀ.ਬੀ.ਈ.ਸੀ ਦੁਆਰਾ ਪੁਰਸਕਾਰ ਸਮਿਤੀ ਵਲੋਂ ਸਿਫਾਰਸ਼ ਕੀਤੇ ਜਾਣ 'ਤੇ ਵਾਧੂ ਰਾਸ਼ੀ ਵਾਲੇ ਪੁਰਸਕਾਰ ਦੀ ਪ੍ਰਵਾਨਗੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਅਧਿਕਾਰੀ ਦੇ ਪੂਰੇ ਕਾਰਜਕਾਲ ਦੌਰਾਨ ਉਸ ਨੂੰ ਵੱਧ ਤੋਂ ਵੱਧ 20 ਲੱਖ ਰੁਪਏ ਦੇ ਪੁਰਸਕਾਰ ਨਾਲ ਨਿਵਾਜਿਆ ਜਾ ਸਕਦਾ ਹੈ।

